# ਸਮਤਾ

ਦਸੰਬਰ 1981 (ਅੰਕ 19)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸੰਪਾਦਕੀ

## 1. ਸਮੇਂ ਦੀ ਮੰਗ

ਇਹਨਾਂ ਦੋ ਮਹੀਨਿਆਂ ਵਿਚ ਸਾਡੀ ਪ੍ਰਧਾਨ-ਮੰਤਰੀ ਨੇ ਬਾਹਰਲੇ ਦੇਸ਼ਾਂ ਦਾ ਬੜਾ ਦੌਰਾ ਲਗਾਇਆ ਹੈ। ਕਾਮਨਵੈਲਥ ਦੇਸ਼ਾਂ ਦਾ ਦੌਰਾ ਵੀ ਕੀਤਾ ਹੈ। ਰੂਸ ਅਤੇ ਅਮਰੀਕਾ ਦੇ ਲੀਡਰਾਂ ਨਾਲ ਸਿਖਰੀ ਕਾਨਫਰੰਸ ਵਿਚ ਵੀ ਹਿਸਾ ਲਿਆ ਹੈ। ਕਮਿਊਨਿਸਟ ਤੇ ਗੈਰ ਕਮਿਊਨਿਸਟ ਮੁਲਕਾਂ ਦਾ ਦੌਰਾ ਵੀ ਕੀਤਾ ਹੈ। ਹਰ ਵਾਰ ਵਾਪਸ ਆਉਣ ਤੇ ਅਖ਼ਬਾਰਾਂ ਵਿਚ ਇਹੀ ਦਸਿਆ ਗਿਆ ਹੈ ਕਿ ਇਹ ਦੌਰਾ ਬੜਾ ਕਾਮਯਾਬ ਰਿਹਾ ਹੈ ਅਤੇ ਭਾਰਤ ਦਾ ਦ੍ਰਿਸ਼ਟੀ ਕੋਣ ਬਾਹਰਲੇ ਮੁਲਕਾਂ ਵਿਚ ਬੜਾ ਚੰਗੀ ਤਰ੍ਹਾਂ ਸਮਝਿਆ ਗਿਆ ਹੈ ਤੇ ਇਸਦੀ ਬੜੀ ਸ਼ਲਾਘਾ ਹੈ। ਪਰ ਜਿਹੜੀ ਗਲ ਬਾਰੇ ਅਖ਼ਬਾਰਾਂ ਅਕਸਰ ਚੁਪ ਰਹਿੰਦੀਆਂ ਹਨ, ਉਹ ਇਹ ਹੈ ਕਿ ਇਸ ਪ੍ਰਧਾਨ-ਮੰਤਰੀ ਦੇ ਅਹਿਦ ਵਿਚ ਮੁਲਕ ਬਾਹਰਲੇ ਮੁਲਕਾਂ ਅਗੇ ਬਿਲਕੁਲ ਵਿੱਕ ਚੁਕਾ ਹੈ। ਖਰਬਾਂ ਰੁਪਿਆਂ ਦਾ ਕਰਜ਼ਾ ਬਾਹਰਲੇ ਮੁਲਕਾਂ ਦਾ ਸਾਡੇ ਉਤੇ ਹੈ। ਹੁਣ ਅਸੀਂ ਆਪਣੀ ਕੋਈ ਵੀ ਆਰਥਕ ਨੀਤੀ ਬਾਹਰਲੇ ਮੁਲਕਾਂ ਦੀ ਪ੍ਰਵਾਨਗੀ ਤੋਂ ਬਗੈਰ ਨਹੀਂ ਬਣਾ ਸਕਦੇ। ਆਰਥਕ ਨੀਤੀਆਂ ਤੋਂ ਹੀ ਰਾਜਨੀਤਕ ਨੀਤੀਆਂ ਬਣਦੀਆਂ ਹਨ। ਭਾਰਤ ਆਪਣੇ ਪੂਰੇ ਇਤਿਹਾਸ ਵਿਚ ਕਦੀ ਬਾਹਰਲੇ ਮੁਲਕਾਂ ਦਾ ਇਸ ਤਰ੍ਹਾਂ ਗੁਲਾਮ ਨਹੀਂ ਸੀ, ਜਿਸ ਤਰ੍ਹਾਂ ਹੁਣ ਹੈ। ਸਾਡੇ ਮੁਲਕ ਵਿਚ ਹੁਣ ਇਕ ਪੱਤਾ ਵੀ ਉਹਨਾਂ ਦੀ ਸਹਿਮਤੀ ਬਿਨਾਂ ਨਹੀਂ ਹਿਲ ਸਕਦਾ। ਦੇਸ਼ ਦੇ ਸਾਰੇ ਕਾਲੇ ਕਾਨੂੰਨ ਉਸ ਕਰਜ਼ੇ ਦਾ ਨਤੀਜਾ ਹਨ ਜਿਹੜਾ ਅਸੀਂ ਆਈ. ਐਮ. ਐਫ. ਕੋਲੋਂ ਲਿਆ ਹੈ। ਲੋੜ ਹੈ ਕਿ ਇਸ ਗੁਲਾਮੀ ਦਾ ਅਹਿਸਾਸ ਲੋਕਾਂ ਨੂੰ ਹੋਵੇ ਅਤੇ ਇਹ ਜਿਹੜੇ ਅਜ ਦੇ ਮੁਗਲ ਨੇ ਜਿਨ੍ਹਾਂ ਨੇ ਆਪਣੀ ਅਯਾਸ਼ੀ ਲਈ ਮਹਿਲ ਅਤੇ ਤਾਜਮਹਿਲ ਉਸਾਰੇ ਹਨ, ਅਤੇ ਜਿਨ੍ਹਾਂ ਨੇ ਸਾਰੀ ਕੌਮ ਨੂੰ ਗਹਿਣੇ ਰਖ ਦਿਤਾ, ਉਹਨਾਂ ਦਾ ਭਾਂਡਾ ਚੁਰਾਹੇ ਵਿਚ ਭੰਨਿਆਂ ਜਾਏ। ਇਸ ਅਮਲ ਵਿਚ ਸਾਰਿਆਂ ਨਾਲੋਂ ਮੋਹਰਲੀ ਭੂਮਿਕਾ ਮਜ਼ਦੂਰ ਜਮਾਤ ਨੇ ਹੀ ਨਿਭਾਉਣੀ ਹੈ, ਕਿਉਂਕਿ ਉਹ ਹੀ ਸਾਰਿਆਂ ਨਾਲੋਂ ਬਹੁਤੀ ਇਹਨਾਂ ਮਾਰੂ ਨੀਤੀਆਂ ਦੇ ਅਸਰ ਥਲੇ ਹੈ। 23 ਨਵੰਬਰ ਵਾਲੇ ਦਿਨ ਇਸ ਸਮੁੱਚੀ ਜਮਾਤ ਦੀ ਪਾਰਲੀਮੈਂਟ ਅਗੇ ਪ੍ਰਦਰਸ਼ਨੀ ਇਸ ਗਲ ਦੀ ਸੂਚਕ ਹੈ ਕਿ ਇਹ ਜਮਾਤ ਆਪਣੀ ਭੂਮਿਕਾ ਬਾਰੇ ਚੇਤਨ ਹੈ। ਲੋੜ ਹੈ ਕਿ ਇਸ ਜਮਾਤ ਨੂੰ ਖਾੜਕੂ ਰਾਜਨੀਤਕ ਘੋਲਾਂ ਵਿਚ ਪਾਇਆ ਜਾਵੇ। ਇਹ ਆਖਣਾ ਕਿ ਲੋਕ ਹਾਲੇ ਕਿਸੇ ਇਨਕਲਾਬੀ ਤਬਦੀਲੀ ਲਈ ਤਿਆਰ ਨਹੀਂ, ਆਪਣੀ ਜ਼ਿਮੇਂਵਾਰੀ ਤੋਂ ਨਸਣਾ ਹੈ। 23 ਨਵੰਬਰ ਇਸ ਜਮਾਤ ਨੇ ਹੁਣ ਦੀ ਸਰਕਾਰ ਬਾਰੇ ਆਪਣਾ ਫਤਵਾ ਦੇ ਦਿਤਾ ਹੈ। ਅਸੀਂ ਹੁਣ ਅੰਤਮ ਜੰਗ ਲਈ ਆਪਣੇ ਆਪ ਨੂੰ ਲਾਮਬੰਦ ਕਰਨਾ ਹੈ। ਇਹ ਸਮੇਂ ਦੀ ਮੰਗ ਹੈ। o

## 2. ਸਾਹਿਤਕ ਵਾਦਵਿਵਾਦ :

ਕੇਂਦਰੀ ਲਿਖਾਰੀ ਸਭਾ ਦਾ ਸਿਲਵਰਜੁਬਲੀ ਸੈਸ਼ਨ ਮਨਾਇਆ ਗਿਆ ਹੈ। ਇਸ ਜਥੇਬੰਦੀ ਨੇ ਕਈ ਉਤਰਾਅ ਚੜ੍ਹਾ ਵੇਖ ਕੇ ਲੇਖਕਾਂ ਦੀ ਇਕ ਸਥਾਈ ਜਥੇਬੰਦੀ ਦੀ ਸ਼ਕਲ ਲੈ ਲਈ ਹੈ। ਹੁਣ ਦੇ ਅਹੁਦੇਦਾਰਾਂ ਦੇ ਕਹਿਣ ਅਨੁਸਾਰ ਇਹ ਲੇਖਕਾਂ ਦੀ ਉਹ ਜਥੇਬੰਦੀ ਹੈ, ਜਿਸ ਵਿਚ ਹਰ ਵਿਚਾਰ ਦੇ ਲੇਖਕ ਆ ਸਕਦੇ ਹਨ। ਉਹਨਾਂ ਦਾ ਇਹ ਦਾਅਵਾ ਠੀਕ ਹੀ ਹੈ। ਸਿਲਵਰ ਜੁਬਲੀ ਸੈਸ਼ਨ ਦੀ ਹਾਜ਼ਰੀ, ਉਸਦਾ ਵਡੇ ਪੈਮਾਨੇ ਤੇ ਪ੍ਰਬੰਧ, ਉਥੇ ਚੀਫ ਮਨਿਸਟਰ ਦਾ ਆਉਣਾ ਅਤੇ ਇਕ ਲੱਖ ਰੁਪਿਆ ਸਰਕਾਰੀ ਖਜ਼ਾਨੇ ਤੋਂ ਦੇ ਜਾਣਾ, ਇਹ ਸਭ ਕੁਝ ਇਕ ਵਿਸ਼ੇਸ਼ ਮੰਤਵ ਲਈ ਵੱਡੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਪਰ ਇਹਦੀ ਇਹੋ ਪ੍ਰਾਪਤੀ ਹੀ ਇਸ ਸਭਾ ਦੀ ਸੀਮਾਂ ਮਿਥਦੀ ਹੈ ਕਿ ਉਹ ਲੇਖਕਾਂ ਨੂੰ ਕਿਸੇ ਕਿਸਮ ਦੀ ਦਿਸ਼ਾ ਜਾਂ ਅਗਵਾਈ ਦੇਣ ਦੇ ਯੋਗ ਨਹੀਂ ਤੇ ਇਹ ਸਿਰਫ ਲੇਖਕਾਂ ਦਾ ਇਕੱਠ ਹੀ ਹੈ, ਜਿਸ ਵਿਚ ਸੰਜੀਦਾ ਤੇ ਗ਼ੈਰ ਸੰਜੀਦਾ ਦੋਨੋਂ ਕਿਸਮ ਦੇ ਲੋਕ ਇਕੱਠੇ ਹੁੰਦੇ ਹਨ, ਕੁਝ ਰਸਮੀ ਜਿਹਾ ਵਿਚਾਰ ਵਟਾਂਦਰਾ ਕਰਦੇ ਹਨ, ਦੱਬ ਕੇ ਦਾਰੂ ਪੀ ਕੇ ਗਾਲ੍ਹਾਂ ਵਿਚ ਇਕ ਦੂਜੇ ਲਈ ਮੁਹਬਤਾਂ ਪ੍ਰਗਟਾਕੇ ਵਾਪਸ ਚਲੇ ਜਾਂਦੇ ਹਨ। ਪਾਠਕ ਲੇਖਕ ਫੋਰਮ ਵਿਚ ਪ੍ਰਮਜੀਤ ਦਹਿਲ ਵਲੋਂ ਭੇਜੀਆਂ ਗਈਆਂ ਇਸ ਸੈਸ਼ਨ ਦੀਆਂ ਝਲਕੀਆਂ ਅਤੇ ਹੋਰ ਟਿਪਣੀਆਂ ਇਸਦਾ ਸਬੂਤ ਹਨ। ਸਾਹਿਤ ਲੋਕਾਂ ਵਿਚ ਕਿਸ ਤਰ੍ਹਾਂ ਲਿਜਾਇਆ ਜਾਏ, ਲੋਕਾਂ ਦੇ ਸਭਿਆਚਾਰ ਨੂੰ ਚੁਕਣ ਲਈ ਕਿਸ ਤਰ੍ਹਾਂ ਹਿੱਸਾ ਪਾਵੇ ਤਾਂ ਇਹ ਲੋਕਾਂ ਲਈ ਕਿਸ ਤਰ੍ਹਾਂ ਕਲਿਆਨਕਾਰੀ ਸਾਬਤ ਹੋਵੇ, ਇਹ ਨਾ ਹੀ ਇਸ ਸਭਾ ਦਾ ਟੀਚਾ ਹੈ ਅਤੇ ਨਾ ਹੀ ਇਸ ਦੇ ਬਾਰੇ ਬਹਿਸ ਹੋ ਸਕਦੀ ਹੈ। ਪ੍ਰੋ: ਪ੍ਰੀਤਮ ਸਿੰਘ ਜੀ ਦਾ ਪ੍ਰਧਾਨਗੀ ਭਾਸ਼ਨ ਵੀ, ਜੋ ਇਸ ਸੈਸ਼ਨ ਦੀ ਸਭ ਤੋਂ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ, ਇਸ ਦੇ ਬਾਰੇ

---

**ਇਸ ਅੰਕ ਵਿਚ** – ਕਹਾਣੀਆਂ : ਐਲਬਰਟ ਮਾਲਟਜ਼, ਪ੍ਰਕਾਸ਼ ਕਾਂਤ ਅਤੇ ਲਾਲ ਸਿੰਘ – ਨਾਟਕ : ਚਰਨਜੀਤ ਚੰਨੀ, ਚਾਰ ਕਵਿਤਾਵਾਂ : ਪ੍ਰੀਤਮ ਬੋਲੀ ਅਤੇ ਪਾਠਕ ਲੇਖਕ ਫੋਰਮ।

ਨੋਟ : ਪ੍ਰੋ: ਭਾਰਦਵਾਜ ਦਾ ਵਿਦਿਆ ਦੇ ਸਿਲੇਬਸ ਬਾਰੇ ਲੇਖ ਅਗਲੇ ਅੰਕ ਵਿਚ ਹੋਵੇਗਾ।

ਚੁਪ ਹੈ । ਇਹ ਸੈਸ਼ਨ ਆਪਣੇ ਆਪ ਵਿਚ ਦਸੂਹਾ ਤੋਂ ਲਿਖੇ ਗਿਆਨੀ ਲਾਲ ਸਿੰਘ ਜੀ ਦੀ ਸਮਤਾ (ਨਵੰਬਰ ਅੰਕ) ਵਿਚ ਛੱਪੀ ਚਿੱਠੀ ਦਾ ਜਵਾਬ ਹੈ ਕਿ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਕਿਉਂ ਲੋੜ ਹੈ ? 8 ਨਵੰਬਰ ਦੇ ਨਵਾਂ ਜ਼ਮਾਨਾ ਵਿਚ ਛੱਪੇ ਸ੍ਰ: ਤਿਰਲੋਚਨ ਸਿੰਘ ਦੇ ਇਕ ਲੇਖ ਵਿਚ ਕ੍ਰਾਂਤੀਕਾਰੀ ਸਭਾ ਦੀ ਸਥਾਪਤੀ ਨੂੰ ਇਕ ਫੁੱਟਪਾਊ ਕਦਮ ਆਖਿਆ ਗਿਆ ਹੈ । ਨਵਾਂ ਜ਼ਮਾਨਾ ਵਾਲਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਕੇਂਦਰੀ ਲਿਖਾਰੀ ਸਭਾ ਆਪਣੀ ਇਕ ਸੀਮਾਂ ਮਿਥ ਕੇ ਨਿੱਸਲ ਹੋ ਜਾਵੇ, ਸਮਾਜ ਬਦਲੀ ਵਾਸਤੇ ਲੇਖਕਾਂ ਦੇ ਕਰਤੱਵ ਨੂੰ ਇਕ ਫੋਕਾ ਆਦਰਸ਼ ਹੀ ਸਮਝੇ ਜਾਂ ਇਸ ਆਦਰਸ਼ ਨੂੰ 'ਨਿਕ-ਬੁਰਜੂਆ' ਜਾਂ 'ਅਤਿਵਾਦੀ' ਆਖਕੇ ਭੰਡਣਾ ਸ਼ੁਰੂ ਕਰ ਦੇਵੇ ਤੇ ਇਸ ਹਾਲਤ ਵਿਚ ਸਮਾਜ ਬਦਲੀ- ਵਲ ਵਚਣਬੱਧ ਲੇਖਕ ਕ੍ਰਾਂਤੀਕਾਰੀ ਸਾਹਿਤ ਸਭਾ ਬਨਾਉਣ ਤਾਂ ਇਹ ਫੁੱਟਪਾਊ ਕਾਰਵਾਈ ਕਿਉਂ ਏ ? ਇਹ ਤਾਂ ਸਗੋਂ ਇਕ ਇਮਾਨਦਾਰਾਨਾ ਕੱਦਮ ਹੈ, ਜਿਸਦੀ ਹਰ ਸੁਹਿੱਰਦ ਬੰਦਾ ਸ਼ਲਾਘਾ ਕਰੇਗਾ । ਕ੍ਰਾਂਤੀਕਾਰੀ ਸਾਹਿਤ ਸਭਾ ਇਕ ਬਹੁਤ ਜ਼ਰੂਰੀ ਲੋੜ ਦਾ ਪ੍ਰਗਟਾਵਾ ਹੈ ਅਤੇ ਇਹਦੀ ਕਾਇਮੀ ਪੰਜਾਬੀ ਸਾਹਿਤ ਲਈ ਇਕ ਸ਼ੁਭ ਸਗਨ ਹੈ । ਇਹ ਕਦਮ ਉਸ ਕਦਮ ਤੋਂ ਬਿਲਕੁਲ ਵੱਖਰਾ ਹੈ, ਜੋ 1972-73 ਵਿਚ ਡਾ: ਦੁਸਾਂਝ ਨੇ ਕੇਂਦਰੀ ਲਿਖਾਰੀ ਸਭਾ ਨੂੰ ਮੁੜ ਸੁਰਜੀਤ ਕਰਨ ਲਈ ਚੁਕਿਆ ਸੀ । (ਵੈਸੇ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੇਂਦਰੀ ਲਿਖਾਰੀ ਸਭਾ ਦੀ ਹੁਣ ਵਾਲੀ ਹੋਂਦ ਡਾਕਟਰ ਦੁਸਾਂਝ ਦੇ ਚੈਲਿੰਜ ਤੇ ਪ੍ਰਤੀਕਰਮ ਵਜੋਂ ਹੀ ਸੰਭਵ ਹੋ ਸਕੀ ਹੈ) । ਕ੍ਰਾਂਤੀਕਾਰੀ ਸਾਹਿਤ ਸਭਾ ਦਾ ਇਹ ਯਤਨ ਹੋਵੇਗਾ ਕਿ ਉਹ ਸਾਹਿਤਕ ਆਲੋਚਨਾ ਦੀ ਇਕ ਐਸੀ ਪ੍ਰਨਾਲੀ ਹੋਂਦ ਵਿਚ ਲਿਆਵੇ ਜਿਹੜੀ ਕਿਸੇ ਸਾਂਹਿਤਕ ਕਿਰਤ ਨੂੰ ਇਸ ਦੀ ਲੋਕਾਂ ਵਿਚ ਕ੍ਰਾਂਤੀਕਾਰੀ ਸੂਝ ਨੂੰ ਵਧਾਉਣ ਵਾਲੇ ਮਾਪ ਦੰਡ ਨਾਲ ਪਰਖੀ ਜਾ ਸਕੇ ਅਤੇ ਸਾਹਿਤ ਨੂੰ ਨਾਕਰਮਤਾ ਦੇ ਚੱਕਰ ਵਿਚੋਂ ਕਢੇ ।

ਕ੍ਰਾਂਤੀਕਾਰੀ ਸਾਹਿਤ ਸਭਾ ਦੀ ਇਕ ਹੋਰ ਦਿਸ਼ਾ ਵਜੋਂ ਵੀ ਆਲੋਚਨਾ ਹੋਈ ਹੈ । ਇਹ ਸ਼ਿਮਲਾ ਤੋਂ ਸੁਖਪਾਲ ਸਿੰਘ ਦੇ 'ਸੁਰਖ ਰੇਖਾ' ਵਿਚ ਇਕ ਛੱਪੇ ਲੇਖ ਜਾਂ ਸੰਮਤਾ (ਨਵੰਬਰ ਅੰਕ) ਵਿਚ ਇਕ ਖੱਤ ਦੇ ਰੂਪ ਵਿਚ ਹੈ, ਜਿਸ ਵਿਚ ਉਹਨਾਂ ਨੇ ਕ੍ਰਾਂਤੀਕਾਰੀ ਸਾਹਿਤ ਸਭਾ ਉਤੇ ਇਕ ਗਰੁਪ ਦੇ ਹਾਵੀ ਹੋਣ ਦਾ ਇਲਜ਼ਾਮ ਲਗਾਇਆ ਹੈ ਅਤੇ ਇਸਦੇ ਸੰਚਾਲਕਾਂ ਨੂੰ 'ਉਲਟ ਇਨਕਲਾਬੀ ਖੋਪੜੀਆਂ' ਵਾਲਾ ਕਿਹਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਉਹਨਾਂ ਨੇ ਆਪਣੇ ਦਿਮਾਗ਼ਾਂ ਦੇ ਬੂਹੇ ਬੰਦ ਕਰ ਲਏ ਹਨ । ਇਹ ਸਿੱਧੀ ਸਹੀ ਗਲ ਹੈ ਕਿ ਜਿਨ੍ਹਾਂ ਲੋਕਾਂ ਨੇ ਕ੍ਰਾਂਤੀਕਾਰੀ ਸਾਹਿਤ ਸਭਾ ਬਨੌਉਣ ਲਈ ਪਹਿਲ ਕਦਮੀ ਕੀਤੀ ਹੈ, ਉਹਨਾਂ ਦੀ ਸੋਚ ਦਾ ਪ੍ਰਗਟਾਵਾ ਇਹਦੇ ਐਲਾਨਨਾਮੇ ਵਿਚ ਹੈ । ਉਹ ਜੇਕਰ ਆਪਣੀ ਇਸ ਸੋਚ ਤੇ ਦ੍ਰਿੜਤਾ ਨਾਲ ਪਹਿਰੇਦਾਰੀ ਕਰਨਾ ਚਾਹੁੰਦੇ ਹਨ ਤਾਂ ਇਹ 'ਬੰਦ ਦਿਮਾਗ਼' ਨਹੀਂ ਆਖੇ ਜਾ ਸਕਦੇ । ਇਸ ਸੋਚ ਬਾਰੇ ਵਾਦਵਿਵਾਦ ਹੋ ਸਕਦਾ ਹੈ ਤੇ ਇਹ ਵਾਦਵਿਵਾਦ ਇਕ ਲੋੜ ਵੀ ਹੈ । ਇਸੇ ਤਰ੍ਹਾਂ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਕਨਵੀਨਰ ਦਾ ਸੁਖਪਾਲ ਸਿੰਘ ਨੂੰ 'ਪਰਚੰਡ' ਵਿਚ ਜਵਾਬ ਦੇਣ ਲਗਿਆਂ ਸੁਖਪਾਲ ਸਿੰਘ ਨੂੰ ਪਾਂ ਵਾਲੇ ਤਿੰਨ ਸੰਸਾਰਵਾਦੀ ਸਿਧਾਂਤ ਦਾ ਮੁਦਈ ਹੋਣ ਦਾ ਤਾਨਾ ਦੇਣਾ ਵੀ ਠੀਕ ਨਹੀਂ । ਕੋਈ ਸਿਧਾਂਤ ਦਲੀਲ ਨਾਲ ਇਨਕਲਾਬੀ ਜਾਂ ਉਲਟ ਇਨਕਲਾਬੀ ਕਿਹਾ ਜਾ ਸਕਦਾ ਹੈ ਜਾਂ ਠੀਕ ਜਾਂ ਗ਼ਲਤ ਕਿਹਾ ਜਾ ਸਕਦਾ ਹੈ ਪਰ 'ਪਾਂ ਮਾਰਿਆ' ਸ਼ਬਦਾ-ਵਲੀ ਗੰਭੀਰ ਵਾਦਵਿਵਾਦ ਲਈ ਜਾਇਜ਼ ਨਹੀਂ । ਇਸੇ ਤਰ੍ਹਾਂ ਸਮਤਾ ਦੇ ਕੁਝ ਪਾਠਕਾਂ ਨੇ ਇਹ ਵੀ ਇਤਰਾਜ਼ ਉਠਾ-ਇਆ ਹੈ ਕਿ ਕਿਉ ਕਿ ਸਮਤਾ ਦਾ ਐਡੀਟਰ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਸੂਬਾ ਜਥੇਬੰਦੀ ਦਾ ਮੈਂਬਰ ਹੈ ਤਾਂ ਕ੍ਰਾਂਤੀ-ਕਾਰੀ ਸਾਹਿਤ ਸਭਾ ਬਾਰੇ ਚਿੱਕੜ ਉਛਾਲੀ ਸਮਤਾ ਵਿਚ ਕਿਉਂ ਛੱਪਦੀ ਹੈ। ਮੈਂ ਇਥੇ ਸਪੱਸ਼ਟ ਕਰ ਦੇਵਾਂ ਕਿ ਸਮਤਾ ਦਾ ਫੋਰਮ ਅਤੇ ਖਾਸ ਕਰਕੇ ਪਾਠਕ ਲੇਖਕ ਫੋਰਮ ਸਮੁੱਚੀ ਖੱਬੀ ਲਹਿਰ ਦਾ ਫੋਰਮ ਹੈ ਅਤੇ ਵਿਰੋਧੀ ਵਿਚਾਰਾਂ ਬਾਰੇ ਵਿਚਾਰ ਵਟਾਂਦਰਾ ਕਰਨਾ ਹੀ ਮੈਂ ਸਮਝਣਾ ਹੈ ਕਿ ਅੰਤਮ ਸੱਚ ਤਕ ਪੁਜਣ ਦਾ ਰਾਹ ਹੈ । ਇਹ 'ਵਿਰੁਧ ਵਿਕਾਸ' ਦਾ ਬੁਨਿਆਦੀ ਅਸੂਲ ਹੈ ਅਤੇ ਸਮਤਾ ਆਪਣੀ ਨਿਮਾਣੀ ਸੂਝ ਅਨੁਸਾਰ ਇਸਦੀ ਪਾਲਨਾ ਕਰਨ ਦੀ ਹੀ ਕੋਸ਼ਿਸ਼ ਕਰ ਰਿਹਾ ਹੈ । ਇਕ ਦੂਜੇ ਤੇ ਫਤਵੇ ਲਗਾਉਣ ਦੀ ਥਾਂ ਸਾਹਿਤਕ ਕ੍ਰਿਤਾਂ ਨੂੰ ਵਿਗਿਆਨਿਕ ਢੰਗ ਨਾਲ ਘੋਖਿਆ ਜਾਏ ਤਾਂ ਪੰਜਾਬੀ ਸਾਹਿਤ ਦਾ ਵੀ ਅਤੇ ਲੋਕਾਂ ਦਾ ਭਲਾ ਹੈ । ਅਦਾਰਾ ਸਮਤਾ ਇਹਦੇ ਲਈ ਵਚਣਬੱਧ ਹੈ ।

— ਗੁਰਸ਼ਰਨ ਸਿੰਘ

---

## ਸੋਸ਼ਲ ਸਾਇੰਸਜ਼ ਸਟੱਡੀ ਕਲੱਬ ਪਟਿਆਲਾ

ਪਟਿਆਲੇ ਵਿਖੇ, ਸਮਾਜਿਕ ਤੇ ਆਰਥਕ ਵਿਸ਼ਿਆਂ ਆਦਿ ਦੇ ਅਧਿਐਨ ਕਰਨ ਵਾਸਤੇ ਇਕ ਕਲੱਬ ਖੋਲ੍ਹਿਆ ਗਿਆ ਹੈ ਜਿਸ ਵਿਚ ਬਿਜਲੀ ਬੋਰਡ, ਆਈ. ਟੀ. ਆਈ. ਤੇ ਇੰਜੀਨੀਅਰਿੰਗ ਕਾਲਜ ਤੋਂ ਪੰਜ ਮੁਢਲੇ ਮੈਂਬਰ ਲਏ ਗਏ ਹਨ ਜੋ ਇਸ ਕਲੱਬ ਦਾ ਖਰਚਾ ਬਰਦਾਸ਼ਤ ਕਰਨਗੇ ਕਲੱਬ ਵਲੋਂ ਹੇਠ ਲਿਖੇ ਵਿਸ਼ਿਆਂ ਤੇ ਤੱਥ ਇਕੱਠੇ ਕਰਕੇ, ਪੈਂਫਲਿਟ ਛਾਪੇ ਜਾਣਗੇ —

1. 5000 ਕਰੋੜੀ ਕਰਜ਼ੇ ਦਾ ਸਾਡੀਆਂ ਆਰਥਕ-ਸਮਾਜਿਕ ਹਾਲਤਾਂ ਤੇ ਅਸਰ, 2. ਹਰਿਆ ਇਨਕਲਾਬ ਤੇ ਕਿਸਾਨੀ, 3. ਐਂਟੀ ਰੇਜ਼ਰਵੇਸ਼ਨ ਮੂਵਮੈਂਟ, 4. ਖਾਲਿਸਤਾਨ ।

ਸਭ ਅਗਾਂਹ ਵਧੂ ਲੇਖਕਾਂ/ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਿਚਾਰ ਕਲੱਬ ਰਾਹੀਂ ਸਾਂਝੇ ਕਰਨ !

ਐਮ.ਸੀ. ਭਾਰਦਵਾਜ, ਸਕੱਤਰ, 157-A ਪੰਜਾਬੀ ਬਾਗ ਪਟਿਆਲਾ- 147001

# ਸੜਕ ਤੇ ਮਿਲਿਆ ਮਨੁਖ

੦

ਆਲਬਰਟਜ਼ ਮਾਲ਼ਟਜ਼

[ ਵੀਹਵੀਂ ਸਦੀ ਦੇ ਦੂਜੇ ਤੀਜੇ ਦਹਾਕੇ ਯੋਰਪ ਦੇਸਾਹਿਤ ਵਿਚ ਇਕ ਐਸੀ ਧਾਰਾ ਨੇ ਜਨਮ ਲਿਆ, ਜਿਹੜਾ ਸਿੱਧੇ ਤੌਰ ਤੇ ਸਮਾਜਕ ਅਨਿਆਂ ਦੇ ਵਿਰੁਧ ਆਵਾਜ਼ ਚੁਕਦਾ ਸੀ। ਮਾਲਟਜ਼, ਲੋਰਕਾ, ਹੈਮਿੰਗਵੇ, ਸਰੋਇਆ ਵਰਗੇ ਲੇਖਕਾਂ ਨੇ ਇਸ ਧਾਰਾ ਵਿਚ ਆਪਣੀਆਂ ਮਹਾਨ ਲਿਖਤਾਂ ਨਾਲ ਹਿੱਸਾ ਪਾਇਆ। 'New Masses' (ਨਵੇਂ ਲੋਕ) ਇਕ ਐਸਾ ਸਪਤਾਹਿਕ ਸੀ, ਜਿਹੜਾ ਇਸ ਧਾਰਾ ਦੇ ਸਾਹਿਤ ਦੀ ਪ੍ਰਤੀਨਿਧਤਾ ਕਰਦਾ ਸੀ। ਇਸ ਸਪਤਾਹਿਕ ਦੇ ਪੰਨਿਆਂ ਤੋਂ ਕੁਝ ਲਿਖਤਾਂ ਚੁਣ ਕੇ ਜਿਨ੍ਹਾਂ ਵਿਚ ਕਹਾਣੀਆਂ, ਕਵਿਤਾਵਾਂ, ਸਾਹਿਤਕ ਟਿੱਪਣੀਆਂ, ਲੇਖ ਆਦਿਕ ਹਨ, ਇਕ ਕਿਤਾਬ New Masses — An Anthology of the Rebel Thirties — Published By Seven Seas Books — ਸਾਡੇ ਕੋਲ ਆਈ ਹੈ, ਇਹ ਕਹਾਣੀ ਉਸ ਕਿਤਾਬ ਵਿਚੋਂ ਲਈ ਗਈ ਹੈ । ਇਹ ਉਸ ਮਜ਼ਦੂਰ ਦੀ ਕਹਾਣੀ ਹੈ, ਜਿਹੜਾ ਸਲੇਟ ਦੀਆਂ ਖ਼ਾਨਾਂ ਵਿਚ ਕੰਮ ਕਰਦਾ 'ਸਿਲੀਕਾਸਿਜ਼' ਨਾਂ ਦੀ ਬਿਮਾਰੀ ਦੀ ਲਪੇਟ ਵਿਚ ਆ ਗਿਆ ਹੈ । ਹੁਣੇ ਹੁਣੇ ਇਕ ਸਰ-ਵੇਖਣ ਅਨੁਸਾਰ ਸਾਡੇ ਹਿੰਦੋਸਤਾਨ ਵਿਚ ਸੀਮੈਂਟ, ਐਸਬੈਸਟੋਜ਼, ਪੈਨਸਿਲਾਂ ਆਦਿਕ ਬਣਾਉਣ ਦੇ ਕਾਰ-ਖ਼ਾਨਿਆਂ ਵਿਚ 90 ਫ਼ੀ ਸਦੀ ਮਜ਼ਦੂਰ ਇਸ ਬਿਮਾਰੀ ਨਾਲ ਮੁਬਤਲਾ ਹਨ । ਪ੍ਰਸਿੱਧ ਨਾਵਲਕਾਰ ਮਹਾਸ਼ਵੇਤਾ ਦੇਵੀ (1084ਵੀਂ ਦੀ ਮਾਂ ਦੇ ਲੇਖਿਕਾ) ਨੇ ਇਸ ਬਾਰੇ ਟਿੱਪਣੀ ਕਰਦੇ ਹੋਏ ਇਕ ਥਾਂ ਲਿਖਿਆ ਹੈ, ਕਿ ਸਾਡੇ ਸੇਠ ਬਿਰਲੇ ਮੰਦਰ ਤਾਂ ਬਣਵਾ ਸਕਦੇ ਹਨ, ਗੀਤਾਂ ਦੀਆਂ ਕਾਪੀਆਂ ਛਪਵਾ ਕੇ ਮੁਫ਼ਤ ਵੰਡ ਸਕਦੇ ਹਨ, ਪਰ ਆਪਣੀਆਂ ਖ਼ਾਨਾਂ ਵਿਚ ਕੰਮ ਕਰਦੇ ਮਜ਼ਦੂਰਾਂ ਨੂੰ ਬਿਮਾਰੀ ਤੋਂ ਬਚਾਅ ਵਾਸਤੇ ਮੂੰਹ ਢੱਕਣ ਲਈ ਟੋਪੇ ਨਹੀਂ ਦੇ ਸਕਦੇ । ਸਰਮਾਏਦਾਰੀ ਲੁੱਟ ਖਸੁੱਟ ਬਾਰੇ ਇਹ ਕਹਾਣੀ ਮੈਡੀਕਲ ਕਾਲਜ ਦੀ ਵਿਦਿਆਰਥਣ ਅਰੀਤ ਕੌਰ ਨੇ ਸਾਡੇ ਲਈ ਅਨੁਵਾਦ ਕੀਤੀ ਹੈ । ]

— ਸੰਪਾਦਕ

ਇਹ ਉਦੋਂ ਦੀ ਗਲ ਹੈ ਜਦੋਂ ਮੈਂ ਪੱਛਮੀ ਵਰਜੀਨੀਆ ਦੀ ਉਸ ਮਸ਼ਹੂਰ ਸੁਰੰਗ ਵਿਚੋਂ ਲੰਘ ਰਿਹਾ ਸਾਂ । ਸੁਰੰਗ ਸੌੜੀ ਤੇ ਡੂੰਘੀ ਸੀ ਤੇ ਮੈਂ ਸਾਹਮਣਿਓਂ ਆ ਰਹੇ ਇਕ ਟਰੱਕ ਵਿਚ ਤਕਰੀਬਨ ਵਜ ਹੀ ਚਲਿਆ ਸਾਂ । ਉਦੋਂ ਹੀ ਮੈਂ ਦੇਖਿਆ ਕਿ ਮੇਰੀ ਕਾਰ ਦੇ ਐਨ ਸਾਹਮਣੇ ਯਾਨੀ ਅਗਲੇ ਪਹੀਆਂ ਤੋਂ ਮਸਾਂ ਇਕ ਫੁੱਟ ਦੇ ਫ਼ਾਸਲੇ ਤੇ ਇਕ ਆਦਮੀ ਖੜਾ ਹੈ । ਜੇ ਮੈਨੂੰ ਬਰੇਕ ਲਾਉਣ ਵਿਚ ਅੱਧੇ ਸਕਿੰਟ ਦੀ ਵੀ ਢਿੱਲ ਹੋ ਜਾਂਦੀ ਤਾਂ ਉਸ ਬੰਦੇ ਦੀ ਲਾਸ਼ ਮੇਰੀ ਕਾਰ ਦੇ ਪਹੀਆਂ ਥੱਲੇ ਪਈ ਹੋਣੀ ਸੀ । ਪਰ ਮੈਨੂੰ ਇਹ ਦੇਖ ਕ ਹੈਰਾਨੀ ਹੋਈ ਕਿ ਬਰੇਕ ਲੱਗ ਜਾਣ ਦੇ ਬਾਅਦ ਵੀ ਉਸ ਆਦਮੀ ਨੇ ਆਪਣੀ ਜਗ੍ਹਾ ਤੋਂ ਹਿੱਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ।

ਮੈਂ ਕਾਰ ਦਾ ਹਾਰਨ ਵਜਾਇਆ ਪਰ ਉਹ ਸ਼ਖ਼ਸ ਉਥੇ ਦਾ ਉਥੇ ਖੜਾ ਰਿਹਾ । "ਬਈ ਅਗੋਂ ਹੱਟ ।" ਮੈਂ ਉਹਨੂੰ ਆਵਾਜ਼ ਦਿਤੀ । ਉਹਨੇ ਕੋਈ ਜਵਾਬ ਨਾ ਦਿਤਾ । ਮੈਂ ਹੋਰ ਉੱਚੀ ਆਵਾਜ਼ ਦਿਤੀ । ਉਹ ਹਿਲਿਆ ਤੱਕ ਨਾ । ਉਹ ਉਥੇ ਖੜਾ ਸੀ । ਜਿਵੇਂ ਧਰਤੀ ਵਿਚ ਗੱਡਿਆ ਗਿਆ ਹੋਵੇ । ਉਹਦੇ ਆਪਣੇ ਹੱਥ ਇਕ ਅਜੀਬ-ਗ਼ਰੀਬ ਮੁਦਰਾ ਵਿਚ ਉਤਾਂਹ ਨੂੰ ਚੁਕੇ ਸਨ । ਮੈਂ ਡਰ ਗਿਆ । ਮੈਨੂੰ ਉਹ ਕਿਸੇ ਡਰਾਉਣੀ ਕਹਾਣੀ ਦੇ ਭੂਤ ਵਰਗਾ ਜਾਪ ਰਿਹਾ ਸੀ ।

ਮੇਰੀ ਕਾਰ ਦਾ ਹਾਰਨ ਬਿਲਕੁਲ ਠੀਕ ਠਾਕ ਹੈ ਤੇ ਕਾਫ਼ੀ ਉੱਚਾ ਵੱਜਦਾ ਹੈ, ਇਸ ਤੋਂ ਇਲਾਵਾ ਸੁਰੰਗ ਕਰਕੇ ਆਵਾਜ਼ ਦੂੱਗਣੀ ਹੋ ਜਾਂਦੀ ਹੈ – ਇਹ ਸਭ ਕੁਝ ਮੈਂ ਜਾਣਦਾ ਸਾਂ । ਮੈਂ ਹਾਰਨ ਦੇ ਕਾਲੇ ਬਟਨ ਤੇ ਹੱਥ ਰਖ ਦਿਤਾ ਤੇ ਉਹਨੂੰ ਕੱਸ ਕੇ ਨੱਪਣ ਲੱਗਾ । ਹੁਣ ਜਾਂ ਤਾਂ ਇਹ ਬੰਦਾ ਉਛਲ ਪਵੇਗਾ ਤੇ ਜਾਂ ਖੜਾ ਰਹੇਗਾ ਤੇ ਸਿੱਧ ਕਰ ਦੇਵੇਗਾ ਕਿ ਉਹ ਭੂਤ ਹੈ ।

ਖ਼ੈਰ ਉਹ ਭੂਤ ਨਾ ਨਿਕਲਿਆ । ਪਰ ਉਹ ਉਛਲਿਆ ਵੀ ਨਾ । ਇੰਞ ਨਹੀਂ ਕਿ ਉਹ ਬੋਲਾ ਸੀ । ਉਹਨੇ ਹਾਰਨ ਬਿਲਕੁਲ ਠੀਕ ਠਾਕ ਸੁਣਿਆ । ਉਹ ਡੂੰਘੀ ਨੀਂਦਰੇ ਸੁੱਤੇ ਕਿਸੇ ਬੰਦੇ ਵਰਗਾ ਸੀ ਜਿਸ ਨੂੰ ਹਾਰਨ ਹੌਲੀ ਹੌਲੀ ਝੰਜੋੜ ਰਿਹਾ ਸੀ । ਕਾਫ਼ੀ ਧੀਮੀ ਗਤੀ ਵਿਚ ਉਹਨੇ ਆਪਣਾ ਮੂੰਹ ਮੇਰੇ ਵਲ ਮੋੜਿਆ ਤੇ ਮੇਰੇ ਵਲ ਵੇਖਣ ਲਗਾ । ਉਹ ਕੋਈ ਪੈਂਤੀ ਕੁ ਸਾਲ ਦਾ ਸੀ । ਮੋਟੇ ਮੋਟੇ ਨੈਣ ਨਕਸ਼ਾਂ ਵਾਲਾ । ਇਕ ਸਾਧਾਰਣ ਸ਼ਕਲ – ਚੌੜਾ ਨੱਕ ਤੇ ਵੱਡਾ ਦਾਤ । ਸ਼ਕਲ ਵੇਖ ਕੇ ਉਹਦੇ ਬਾਰੇ ਕੁਝ ਕਹਿਣਾ ਮੁਸ਼ਕਿਲ ਸੀ । ਨਾ ਉਹ ਵਹਿਸ਼ੀ ਲੱਗਦਾ ਸੀ, ਨਾਂ ਸਿਆਣਾ ਤੇ ਨਾ ਹੀ ਬੇਵਕੂਫ਼ ।

ਉਹਦਾ ਚਿਹਰਾ ਬਾਰਿਸ਼ ਨਾਲ ਬਿਲਕੁਲ ਭਿੱਜਾ ਪਿਆ ਸੀ ਤੇ ਅੱਖਾਂ ਸਨ ਜਿਹੜੀਆਂ ਮੈਨੂੰ ਘੂਰ ਰਹੀਆਂ ਸਨ ਜਾਂ ਕਹਿ ਲਵੋ ਮੇਰੇ ਤੇ ਚਿਪਕੀਆਂ ਹੋਈਆਂ ਸਨ, ਇੰਝ ਜਿਵੇਂ ਉਹਨਾਂ ਉਤੇ ਗੂੰਦ ਲੱਗੀ ਹੋਵੇ। ਜੇ ਅੱਖਾਂ ਨੂੰ ਮਨਫ਼ੀ ਕਰ ਦੇਵੋ ਤਾਂ ਇਹੋ ਜਹੇ ਚਿਹਰੇ ਤੁਹਾਨੂੰ ਰੋਜ਼ ਦਿਸਦੇ ਹਨ।

ਹਾਰਨ ਸੁਣਨ ਤੋਂ ਬਾਅਦ ਉਹ ਅਗੇ ਆ ਗਿਆ ਤੇ ਕਾਰ ਦੇ ਦਰਵਾਜ਼ੇ ਕੋਲ ਖਲੋ ਗਿਆ। ਮੇਰਾ ਖ਼ਿਆਲ ਸੀ ਕਿ ਨੀਂਦ ਤੋਂ ਜਾਗਣ ਬਾਅਦ ਉਹ ਕਾਰ ਨੂੰ ਏਨੀ ਕੋਲ ਵੇਖ ਕੇ ਹੈਰਾਨ ਹੋਵੇਗਾ। ਪਰ ਉਹਦੇ ਤੇ ਇਸ ਦਾ ਕੋਈ ਅਸਰ ਨਹੀਂ ਸੀ ਹੋਇਆ ਜਾਪਦਾ। ਉਹ ਮੇਰੇ ਵਲ ਇੰਝ ਵਧਿਆ ਆਇਆ ਸੀ ਜਿਵੇਂ ਮੇਰੇ ਉਥੇ ਹੋਣ ਬਾਰੇ ਉਹਨੂੰ ਕਾਫ਼ੀ ਦੇਰ ਤੋਂ ਪਤਾ ਹੋਵੇ।

"ਮੈਂ ਵੈਸਟਨ ਤੱਕ ਕਾਰ ਵਿਚ ਲੈ ਚਲੇਂਗਾ, ਬਾਈ।" ਉਹ ਬੋਲਿਆ। ਮੈਨੂੰ ਉਹਦੇ ਵਡੇ ਵਡੇ ਦੰਦ ਦਿਖਾਈ ਦਿਤੇ ਜਿਹੜੇ ਤੰਬਾਕੂ ਦੀ ਵਰਤੋਂ ਨਾਲ ਭੂਰੇ ਹੋ ਚੁਕੇ ਸਨ। ਉਹਦੀ ਆਵਾਜ਼ ਭਾਰੀ ਤੇ ਖਰਖਰੀ ਸੀ। ਮੈਂ ਉਹਦੇ ਕਪੜਿਆਂ ਵਲ ਵੇਖਿਆ – ਇਕ ਪੁਰਾਣੀ ਟੋਪੀ, ਮਜ਼ਦੂਰਾਂ ਵਾਲੀ ਨੀਲੀ ਕਮੀਜ਼ ਤੇ ਗਾੜ੍ਹੇ ਨੀਲੇ ਰੰਗ ਦੀ ਪਤਲੂਨ। ਉਹਦੇ ਸਾਰੇ ਕਪੜੇ ਮੀਂਹ ਨਾਲ ਗੜੁੱਚ ਸਨ।

"ਮੈਨੂੰ ਵੈਸਟਨ ਵਲ ਜਾਣੈ, ਤੂੰ ਵੀ ਉਧਰ ਜਾਣੈ, ਬਾਈ।" ਉਹ ਫੇਰ ਬੋਲਿਆ। ਜਦੋਂ ਉਹ ਬੋਲ ਰਿਹਾ ਸੀ ਮੈਂ ਉਹਦੀਆਂ ਅੱਖਾਂ ਵਲ ਵੇਖਿਆ। ਉਹਨਾਂ ਵਿਚਲੀ ਅਜੀਬ ਜਹੀ ਲਿਸ਼ਕ ਖ਼ਤਮ ਹੋ ਚੁੱਕੀ ਸੀ ਤੇ ਹੁਣ ਉਹ ਇਕ ਸਾਧਾਰਣ ਆਦਮੀ ਦੀਆਂ ਅੱਖਾਂ ਸਨ।

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਹਨੂੰ ਕੀ ਜਵਾਬ ਦੇਵਾਂ। ਸੱਚੀ ਗੱਲ ਤਾਂ ਇਹ ਹੈ ਕਿ ਮੇਰੀ ਉਹਨੂੰ ਆਪਣੇ ਨਾਲ ਬਿਠਾਣ ਦੀ ਉੱਕਾ ਕੋਈ ਚਾਹ ਨਹੀਂ ਸੀ। ਮੈਂ ਇਸ ਸੁਰੰਗ ਤੋਂ ਤੇ ਇਸ ਬੰਦੇ ਤੋਂ ਛੇਤੀ ਤੋਂ ਛੇਤੀ ਦੂਰ ਹੋ ਜਾਣਾ ਚਾਹੁੰਦਾ ਸਾਂ। ਪਰ ਜਦੋਂ ਮੈਂ ਉਹਦੇ ਵਲ ਵੇਖਿਆ, ਉਹਦੀ ਨਿਮਾਣੀ ਜਹੀ ਸ਼ਕਲ ਤੇ ਬਾਰਸ਼ ਨਾਲ ਗੜੁੱਚ ਕਪੜੇ ਤਾਂ ਮੈਂ ਲਫ਼ਜ਼ 'ਨਹੀਂ' ਨਾ ਬੋਲ ਸਕਿਆ। 'ਅੰਦਰ ਆ ਜਾ' ਮੈਂ ਕਿਹਾ। ਉਹ ਮੇਰੇ ਨਾਲ ਆ ਕੇ ਬੈਠ ਗਿਆ।

ਉਸ ਥਾਂ ਤੋਂ ਵੈਸਟਨ ਕੋਈ ਸੌ ਕੁ ਮੀਲ ਸੀ। ਰਾਹ ਸੱਪ ਵਾਂਗ ਵਲੇਵੇਂ ਖ਼ਾਂਦਾ ਸੀ, ਕਦੀ ਉਤਰਾਈ ਕਦੀ ਚੜ੍ਹਾਈ। ਪਰ ਉਹਨਾਂ ਚਾਰ ਘੰਟਿਆਂ ਵਿਚ ਜਿਹੜੇ ਸਾਨੂੰ ਵੈਸਟਨ ਪਹੁੰਚਣ ਵਿੱਚ ਲੱਗੇ, ਮੇਰਾ ਨਹੀਂ ਖ਼ਿਆਲ ਕਿ ਉਹਨੇ ਅੱਧੀ ਦਰਜਨ ਤੋਂ ਵਧ ਵਾਕ ਮੇਰੇ ਨਾਲ ਸਾਂਝੇ ਕੀਤੇ ਹੋਣ।

ਮੈਂ ਉਹਨੂੰ ਗੱਲ ਕਰਾਉਣ ਦੀ ਕਾਫ਼ੀ ਵਾਰ ਕੋਸ਼ਿਸ਼ ਕੀਤੀ। ਇੰਝ ਨਹੀਂ ਕਿ ਉਹ ਬੋਲਣਾ ਨਹੀਂ ਸੀ ਚਾਹੁੰਦਾ, ਉਹਨੂੰ ਤਾਂ ਜਿਵੇਂ ਮੇਰੀ ਗੱਲ ਸੁਣਦੀ ਹੀ ਨਹੀਂ ਸੀ। ਮੇਰੀਆਂ ਗੱਲਾਂ, ਪੁਰਾਣੀ ਕਾਰ ਦੀ ਖੜ ਖੜ, ਬਾਰਸ਼ ਦਾ ਸ਼ੋਰ ਸਭ ਉਸ ਖੋਲ ਨੂੰ ਤੋੜ ਨਹੀਂ ਸਨ ਸਕਦੇ ਜਿਹੜਾ ਉਹਨੇ ਆਪਣੇ ਦਵਾਲੇ ਵਲਿਆ ਹੋਇਆ ਸੀ।

ਜਦੋਂ ਅਸੀਂ ਸਫ਼ਰ ਸ਼ੁਰੂ ਹੀ ਕੀਤਾ, ਮੈਂ ਉਹਨੂੰ ਪੁਛਿਆ ਕਿ ਉਹ ਕਿੰਨੀ ਦੇਰ ਤੋਂ ਸੁਰੰਗ ਵਿਚ ਖੜਾ ਸੀ।

"ਯਾਦ ਨਹੀਂ" ਉਹਨੇ ਕਿਹਾ, ਕਾਫ਼ੀ ਟੈਮ ਤੋਂ, ਮੇਰੇ ਖ਼ਿਆਲ 'ਚ।"

"ਤੂੰ ਉਥੇ ਕਿਉਂ ਖੜਾ ਸੈਂ, ਮੀਂਹ ਤੋਂ ਬਚਣ ਲਈ ?"

ਉਹਨੇ ਕੋਈ ਜਵਾਬ ਨਾ ਦਿਤਾ। ਮੈਂ ਆਪਣਾ ਸਵਾਲ ਦੁਹਰਾਹਿਆ ਕਾਫ਼ੀ ਉੱਚੀ ਸਾਰੀ। ਉਹਨੇ ਮੇਰੇ ਵਲ ਮੂੰਹ ਮੋੜਿਆ, "ਮਾਫ਼ ਕਰੀਂ ਬਾਈ, ਤੂੰ ਕੁਝ ਕਿਹੈ ?"

ਮੈਂ ਕਿਹਾ, "ਕੀ ਤੂੰ ਜਾਣਦਾ ਹੈਂ ਤੂੰ ਬਿਲਕੁਲ ਮੇਰੀ ਗੱਡੀ ਦੇ ਥੱਲੇ ਹੀ ਆ ਜਾਣ ਲੱਗਾ ਸੈਂ ?"

"ਨਾ–ਨਾ" ਉਹ ਬੋਲਿਆ।

"ਜਦੋਂ ਮੈਂ ਤੈਨੂੰ ਚੀਖ ਚੀਖ ਕੇ ਪਰ੍ਹਾਂ ਹਟਣ ਲਈ ਕਿਹਾ ਸੀ ਤੂੰ ਮੇਰੀ ਆਵਾਜ਼ ਸੁਣੀ ਸੀ ?"

"ਨਾ–ਨਾ" ਉਹ ਕੁਝ ਦੇਰ ਲਈ ਰੁਕਿਆ, "ਮੈਂ ਕੁਝ ਸੋਚਦਾ ਹੋਊਂ"।

"ਹੂੰ ਸੋਚ ਹੀ ਰਿਹਾ ਹੋਵੇਂਗਾ।" ਮੈਂ ਹਿਕਾਰਤ ਨਾਲ ਸੋਚਿਆ।

"ਉਂਝ, ਕੀ ਗੱਲ ਹੈ, ਕੀ ਤੈਨੂੰ ਉੱਚਾ ਸੁਣਦਾ ਹੈ ?" ਮੈਂ ਪੁਛਿਆ।

"ਨਹੀਂ" ਉਹਨੇ ਕਿਹਾ ਤੇ ਬਾਰੀ ਤੋਂ ਬਾਹਰ ਦੇਖਣ ਲਗਾ।

ਮੈਂ ਨਹੀਂ ਸਾਂ ਚਾਹੁੰਦਾ ਕਿ ਉਹ ਗੱਲ ਬਾਤ ਕਰਨੀ ਬੰਦ ਕਰ ਦੇਵੇ।

"ਕੰਮ ਦੀ ਭਾਲ 'ਚ ਹੈਂ ?"

"ਹਾਹੋ।"

"ਕੀ ਕੰਮ ਕਰਦੈਂ ?"

"ਖਾਨਾਂ ਵਿਚ।"

ਉਦੋਂ ਹੀ ਸਾਡੇ ਸਾਹਮਣੇ ਕੱਚੀ ਸੜਕ ਆ ਗਈ। ਮੈਨੂੰ ਗੱਲ ਬਾਤ ਬੰਦ ਕਰਕੇ ਧਿਆਨ ਨਾਲ ਕਾਰ ਚਲਾਣੀ ਪਈ। ਜਦੋਂ ਅਸੀਂ ਕੱਚਾ ਰਾਹ ਖ਼ਤਮ ਕੀਤਾ ਉਹ ਮੁੜ ਕੇ ਕਿਧਰੇ ਦੂਰ ਗੁਆਚ ਚੁਕਾ ਸੀ। ਮੈਂ ਉਹਨੂੰ

ਗੱਲ ਕਰਾਣ ਦੀ ਕਾਫ਼ੀ ਕੋਸ਼ਿਸ਼ ਕੀਤੀ ਪਰ ਇਹਦਾ ਕੋਈ ਫ਼ਾਇਦਾ ਨਹੀਂ ਸੀ। ਹੁਣ ਮੈਨੂੰ ਆਪਣੇ ਆਪ ਤੇ ਸਰਮ ਆਉਣ ਲੱਗੀ। ਮੈਂ ਕਿਸੇ ਵਿਹਲੜ ਵਾਂਗ ਨਿਨੋ ਲੈ ਰਿਹਾ ਸਾਂ। ਭਲਾ ਮੈਂ ਉਹਨੂੰ ਕੁਰੇਦ ਕੁਰੇਦ ਕੇ ਕੀ ਕਢਣਾ ਚਾਹੁੰਦਾ ਸਾਂ। ਇਸ ਤੋਂ ਬਾਅਦ ਦੇ ਚਾਰ ਘੰਟੇ ਅਸੀਂ ਚੁਪ ਚਾਪ ਗੁਜ਼ਾਰੇ। ਉਹ ਸਾਰੇ ਰਾਹ ਉਸੇ ਜਗ੍ਹਾ ਤੇ ਉਸੇ ਮੁਦਰਾ ਵਿਚ ਬੈਠਾ ਰਿਹਾ। ਸਿਰਫ ਇਕ ਵਾਰ ਉਹ ਆਪਣੀ ਜਗ੍ਹਾ ਤੋਂ ਹਿੱਲਿਆ। ਇਹ ਉਦੋਂ ਜਦੋਂ ਉਹਨੂੰ ਜ਼ਬਰਦਸਤ ਖੰਘ ਦਾ ਦੌਰਾ ਪਿਆ। ਇਹ ਇਕ ਬੜੀ ਭਿਆਨਕ ਕਿਸਮ ਦੀ ਖੰਘ ਸੀ। ਇੰਝ ਲਗਦਾ ਸੀ ਜਿਵੇਂ ਉਹਦੇ ਅੰਦਰ ਧਾਤ ਦਾ ਕੋਈ ਟੁਕੜਾ ਪਿਆ ਹੋਵੇ, ਜਿਹੜਾ ਹੱਡੀਆਂ ਨਾਲ ਵਜ ਵਜ ਕੇ ਆਵਾਜ਼ ਕੱਢ ਰਿਹਾ ਸੀ। ਉਹਦੇ ਫੇਫੜਿਆਂ ਵਿਚ ਜਿਵੇਂ ਕੁਝ ਅੜਿਆ ਪਿਆ ਸੀ ਜਿਸ ਨੂੰ ਉਹ ਖੰਘ ਕੇ ਬਾਹਰ ਕਢਣਾ ਚਾਹੁੰਦਾ ਸੀ। ਉਹ ਬਾਰ ਬਾਰ ਥੁੱਕ ਸੁੱਟਦਾ ਤੇ ਉਹਦਾ ਸਾਰਾ ਪਿੰਡਾ ਕੰਬ ਰਿਹਾ ਸੀ।

ਇਸ ਦੌਰੇ ਨੂੰ ਖ਼ਤਮ ਹੁੰਦਿਆਂ ਕੋਈ ਪੰਜ ਕੁ ਮਿੰਟ ਲਗੇ। ਫੇਰ ਉਹ ਮੇਰੇ ਵਲ ਮੁੜਿਆ ਤੇ ਬੋਲਿਆ, "ਮੈਨੂੰ ਮਾਫ਼ ਕਰੀਂ, ਭਾ।" – ਮੁੜ ਉਹੀ ਚੁੱਪ।

ਅਸੀਂ ਕੋਈ ਅੱਠ ਕੁ ਵਜੇ ਵੈਸਟਨ ਪਹੁੰਚੇ। ਮੈਂ ਬਹੁਤ ਥੱਕ ਗਿਆ ਸਾਂ ਤੇ ਬਹੁਤ ਬੁਰੀ ਤਰ੍ਹਾਂ ਚਾਹ ਦੀ ਲੋੜ ਮਹਿਸੂਸ ਕਰ ਰਿਹਾ ਸਾਂ। ਮੈਂ ਇਕ ਹੋਟਲ ਦੇ ਬਾਹਰ ਕਾਰ ਰੋਕ ਦਿੱਤੀ।

"ਮੇਰੇ ਨਾਲ ਇਕ ਕੱਪ ਚਾਹ ਪੀਵੇਂਗਾ ?" ਪਤਾ ਨਹੀਂ ਕਿਉਂ ਮੈਂ ਉਹਨੂੰ ਪੁਛਿਆ।

"ਹਾਂ।" ਉਹ ਬੋਲਿਆ, "ਮਿਹਰਬਾਨੀ।"

ਇਸ ਲਫ਼ਜ਼ 'ਮਿਹਰਬਾਨੀ' ਨੇ ਮੈਨੂੰ ਬੜਾ ਕੁਝ ਦੱਸ ਦਿਤਾ, ਸਾਫ਼ ਦਿਸਦਾ ਸੀ ਕਿ ਉਹਨੂੰ ਚਾਹ ਦੀ ਲੋੜ ਸੀ ਪਰ ਉਹਦੀ ਜੇਬ ਵਿਚ ਇਸ ਲਈ ਪੈਸੇ ਨਹੀਂ ਸਨ। ਮੈਨੂੰ ਖ਼ੁਸ਼ੀ ਹੋਈ ਕਿ ਮੈਂ ਉਹਨੂੰ ਚਾਹ ਲਈ ਪੁਛਿਆ ਸੀ। ਅਸੀਂ ਹੋਟਲ ਅੰਦਰ ਆ ਗਏ। ਸੁਰੰਗ ਵਿਚ ਮਿਲਣ ਤੋਂ ਲੈ ਕੇ ਹੁਣ ਤੱਕ ਉਹ ਮੈਨੂੰ ਪਹਿਲੀ ਵਾਰ ਇਨਸਾਨਾਂ ਵਾਂਗ ਜਾਪ ਰਿਹਾ ਸੀ। ਅਸੀਂ ਚਾਹ ਮੰਗਵਾ ਲਈ। ਉਹ ਛੋਟੇ ਛੋਟੇ ਘੁਟ ਭਰਨ ਲਗਾ, ਕੱਪ ਨੂੰ ਦੋਵੇਂ ਹੱਥਾਂ ਵਿਚ ਕੱਸ ਕੇ ਫੜੀ। ਜਦੋਂ ਉਹਨੇ ਚਾਹ ਪੀ ਲਈ ਤਾਂ ਉਹ ਮੇਰੇ ਵਲ ਵੇਖਿਆ ਤੇ ਮੁਸਕਰਾਇਆ।

"ਤੂੰ ਮੇਰੇ 'ਤੇ ਬੜੇ ਹਸਾਨ ਕੀਤੇ ਨੇ ਭਾ।"

"ਕੋਈ ਗੱਲ ਨਹੀਂ।"

"ਮੇਰੇ ਤੇ ਇਕ ਹੋਰ ਹਸਾਨ ਕਰੇਂਗਾ ?"

"ਕੀ ?" ਮੈਂ ਪੁਛਿਆ।

"ਮੇਰੇ ਕੋਲ ਚਿੱਠੀ ਆ ਜਿਹੜੀ ਮੈਂ ਆਪ ਦੀ ਤੀਮੀਂ ਨੂੰ ਲਿਖੀ ਆ, ਪਰ ਮੈਨੂੰ ਠੀਕ ਤਰ੍ਹਾਂ ਲਿਖਣਾ ਨਹੀਂ ਆਉਂਦਾ, ਭਾ ਤੂੰ ਹਾ ਚਿੱਠੀ ਮੇਰੇ ਲਈ ਠੀਕ ਤਰ੍ਹਾਂ ਲਿਖ ਦੁਏਂਗਾ ?" ਉਹਨੇ ਆਪਣੀ ਕਮੀਜ਼ ਦੇ ਬਟਨ ਖੋਲ੍ਹੇ ਤੇ ਬੁਨੈਣ ਦੇ ਬੋਝੇ 'ਚੋਂ ਬੜੇ ਧਿਆਨ ਨਾਲ ਰੱਖੀ ਹੋਈ ਚਿੱਠੀ ਕੱਢੀ। ਮੈਂ ਹੋਟਲ ਵਾਲੇ ਤੋਂ ਕਾਗ਼ਜ਼ ਕਲਮ ਲਏ। ਇਹ ਚਿੱਠੀ ਹੈ ਜਿਹੜੀ ਮੈਂ ਮੁੜ ਕੇ ਲਿਖੀ। ਹੇਠਾਂ ਮੈਂ ਉਹਦੇ ਵਾਲੀ ਚਿੱਠੀ ਦੇ ਰਿਹਾਂ।

ਮੇਰੀ ਪਿਆਰੀ ਪਤਨੀ,

ਮੈਂ ਤੈਨੂੰ ਹਾ ਚਿੱਠੀ ਕੁਸ਼ ਦੱਸਣ ਬਾਸਤੇ ਲਿਖ ਰਿਹੈਂ। ਆਹ ਮੈਂ ਤੈਨੂੰ ਓਦੋਂ ਨਹੀਂ ਸੀ ਦੱਸਿਆ ਜਦੋਂ ਮੈਂ ਘਰੋਂ ਆਇਆ ਸੀ। ਇਕ ਗੱਲ ਹੈ ਜਿਦ੍ਹੇ ਕਰਕੇ ਮੈਨੂ ਖਾਨਾਂ 'ਚ ਨੌਕਰੀ ਨਹੀਂ ਮਿਲਦੀ। ਮੈਂ ਤੈਨੂ ਕਿਹਾ ਸੀ ਬਈ ਖਾਨਾਂ 'ਚ ਕਮ ਦਾ ਮੰਦਾ ਹੈ।

ਹਾ ਝੂਠ ਆ।

ਜਦੋਂ ਮੈਂ ਬਡੇ ਪੁੱਲ ਤੇ ਕਮ ਕਰਦਾ ਸੀ ਜਿੱਥੇ ਸਰਕਾਰ ਪਹਾੜ ਚੋਂ ਨੈਰ ਕਢਣ ਡਹੀ ਆ। ਹਾ ਸਭ ਕੁਸ਼ ਉਸ ਚਟਾਨ ਜਹੀ ਕਰਕੇ ਹੋਇਆ ਜਿਦੇ ਬਿਚ ਆਪਾਂ ਮਛੀਨ ਨਾਲ ਮੋਰੀਆਂ ਕਰਦੇ ਸੀ। ਆਹ ਚਟਾਨ ਸਲੇਟ ਸੀ। ਇਹਦੇ ਬਿਚ ਕੱਚ ਜਿਹਾ ਹੁਨਦੈ। ਆਹ ਕੱਚ ਫੇਫੜਿਆਂ ਬਿਚ ਚਲਾ ਜਾਂਦੈ। ਜਿਨੇ ਮਜੂਰ ਹੱਥੇ ਕਮ ਕਰਦੇ ਸੀ ਉਹਨਾਂ 'ਚ ਚਲਾ ਗਿਐ। ਐਸ ਕਰਕੇ ਆਪਾਂ ਸਾਰੇ ਜਮਾ ਹੀ ਬਮਾਰ ਪੈ ਗਏ ਆਂ। ਡਾਕਦਰਾਂ ਨੇ ਇਸ ਬਮਾਰੀ ਦਾ ਨਾਉਂ ਮੇਰੀ ਪਰਚੀ ਤੇ ਲਿਖੀਆ ਸੀ। ਮੈਨੂ ਜਾਦ ਹੈ। ਏਦਾ ਨਾਉਂ ਹੈ ਸਿਲੀਕਾਸਿਜ਼। ਐਸ ਬਮਾਰੀ ਨਾਲ ਫੇਫੜੇ ਖ਼ਰਾਬ ਹੋ ਜਾਂਦੇ ਐ। ਫੇਰ ਸਾਹ ਨਹੀਂ ਆਂਦਾ।

ਤੈਨੂ ਟਾਮ ਪਰੈਸਕੋਟ ਤੇ ਹੈਂਸੀ ਮੈਕੁਲੇ ਦਾ ਨਹੀਂ ਪਤਾ। ਹਾ ਦੋਵੇਂ ਦੋ ਦਿਨ ਪੈਲਾ ਬੀਤ ਗਏ ਹਨ। ਐਨਾ ਦੀ ਪਰਚੀ ਤੇ ਬੀ ਡਾਕਦਰ ਨੇ ਸਿਲੀਕਾਸਿਜ਼ ਲਿਖਿਆ ਸੀ। ਹੈਥੇ ਮੈਂ ਤੋਂ ਜਾਦਾ ਬੰਦੇ ਆ ਜਿਨਾ ਦੀ ਪਰਚੀ ਤੇ ਹਾ ਨਾਂ ਲਿਖਿਆ ਗਿਆ ਸੀ। ਡਾਕਦਰ ਕਹਿੰਦੇ ਹਾ ਪਲੇਗ ਤੋਂ ਬੀ ਭੈੜੀ ਬਮਾਰੀ ਆ। ਉਹ ਕਹਿੰਦੇ ਜੇ ਸਾਨੂੰ ਕਮਪਣੀ ਮੂਹਾਂ ਤੇ ਪਣ ਲਈ ਖ਼ਾਸ ਜਿਹਾ ਟੋਪਾ ਦੇਂਦੀ ਤਾਂ ਸਾਨੂ ਹਾ ਬਮਾਰੀ ਨਹੀਂ ਸੀ ਲਗਣੀ।

ਮੈਂ ਘਰੋਂ ਆ ਗਿਆਂ ਕਿਉਂ ਜੁ ਡਾਕਦਰ ਦੇਂਦਾ ਸੀ ਬਈ ਮੈਂ ਚਾਰ ਮਹੀਨਿਆਂ ਤੋਂ ਬੱਧ ਨਹੀਂ ਕੱਢਣ ਲਗਾ। ਮੈਂ ਕਿਧਰੇ ਹੋਰ ਥਾਂ ਕਮ ਲੱਭਣ ਦੀ ਕੋਸ਼ਸ਼ ਕਰਾਂਗਾ। ਮੈਂ ਤੈਨੂ ਸਾਰੇ ਦੇ ਸਾਰੇ ਪੈਸੇ ਭੇਜ ਦਾਂਗਾ। ਅਖ਼ੀਰ ਵੇਲੇ ਤਕ ਕੰਮ ਕਰਾਂਗਾ। ਮੈਂ ਤੇਰੇ ਤੇ ਭਾਰ ਨੀ ਸੀ ਬਣਦਾ ਚਾਂਹਦਾ। ਐਸ ਕਰਕੇ ਮੈਂ ਘਰੋਂ ਆ ਗਿਆਂ।

ਮੇਰੀ ਸਲਾਅ ਐ ਕਿ ਜਦੋਂ ਮੈਂ ਮਰਜਾਂ ਤੂੰ ਨਿਕੜੇ ਨੂੰ ਲੈ ਕੇ ਦਾਦੀ ਕੋਲ ਚਲੀ ਜਾਂਈ। ਉਹ ਥਾਡਾ ਧਿਆਨ ਰਖੂਗੀ।

ਮੈਨੂੰ ਅਮੀਦ ਹੈ ਤੁਸੀਂ ਠੀਕ ਠਾਕ ਰਵੋਂਗੇ। ਨਿਕੜੇ ਦਾ ਧਿਆਨ ਬਹੁਤ ਰਖੀਂ। ਓਨੂੰ ਕਦੇ ਬੀ ਖਾਨਾਂ 'ਚ ਨੌਕਰੀ ਕਰਨ ਨਾ ਭੇਜੀਂ।

ਮੇਰੇ ਮਰਨ ਤੇ ਜਾਦਾ ਦੁਖੀ ਨਾ ਹੋਈਂ। ਪਰ ਜਦੋਂ ਨਿਕੜਾ ਬਡਾ ਹੋਜੇ ਉਹਨੂੰ ਜਰੂਰ ਦੱਸੀਂ ਬਈ ਕੰਮਪਣੀ ਨੇ ਸਾਡੇ ਨਾਲ ਕੀ ਕੀਤਾ। ਹਾ ਗਲ ਓਨੂੰ ਜਰੂਰ ਦੱਸੀਂ।

ਮੇਰੇ ਖ਼ਿਆਲ 'ਚ ਤੈਨੂੰ ਹੋਰ ਬਿਹਾ ਕਰਾ ਲੈਣਾ ਚਾਹੀਦੈ। ਤੂੰ ਹਾਲੇ ਜਵਾਨ ਹੈਂ।

ਤੇਰਾ ਪਿਆਰਾ ਪਤੀ

ਜੈਕ ਪਿਟਕੈਂਟ

ਮੈਂ ਚਿੱਠੀ ਵਿਚ ਕੁਝ ਸੁਧਾਰ ਕਰਕੇ ਉਹਨੂੰ ਦੇ ਦਿਤੀ ਉਹਨੇ ਕਾਫ਼ੀ ਦੇਰ ਲਗਾ ਕੇ ਉਹਨੂੰ ਪੜ੍ਹਿਆ। ਫੇਰ ਮਸਾਂ ਸੁਣੀਂਦੀ ਆਵਾਜ਼ ਵਿਚ ਬੋਲਿਆ, "ਮੈਂ ਦੁਖੀ ਹਾਂ, ਬਹੁਤ ਦੁਖੀ। ਹਾ ਸਭ ਕੁਝ ਮੇਰੇ ਨਾਲ ਕਿਉਂ ਵਾਪਰ ਗਿਆ, ਬਾਈ? ਮੇਰੀ ਪਤਨੀ ਬਹੁਤ ਚੰਗੀ ਹੈ ਤੇ ਮੈਨੂੰ ਆਪਣੇ ਪੁੱਤਰ ਨਾਲ ਬਹੁਤ ਪਿਆਰ ਹੈ। ਮੇਰਾ ਕੀ ਕਸੂਰ ਸੀ, ਬਾਈ? ਤੂੰ ਪੜ੍ਹਿਆ ਲਿਖਿਐਂ, ਤੂੰ ਦੱਸ ਮੈਨੂੰ ਮੇਰਾ ਕਸੂਰ, ਬਾਈ।"

ਮੇਰੇ ਕੋਲ ਇਹਦਾ ਕੋਈ ਜਵਾਬ ਨਹੀਂ ਸੀ। ਉਹ ਆਪਣੀ ਥਾਂ ਤੋਂ ਉਠਿਆ ਤੇ ਹੋਟਲ ਤੋਂ ਬਾਹਰ ਚਲਾ ਗਿਆ। ਮੁੜ ਕੇ ਮੈਂ ਉਹਨੂੰ ਕਦੀ ਨਹੀਂ ਦੇਖਿਆ, ਪਰ ਉਹਦਾ ਸਵਾਲ ਹਾਲੀ ਵੀ ਮੇਰੇ ਕੰਨਾਂ ਵਿਚ ਗੂੰਜ ਰਿਹਾ ਹੈ, "ਮੇਰਾ ਕਸੂਰ ਕੀ ਹੈ ਬਾਈ।"

---

ਕਹਾਣੀ

# ਪਾਪਾ, ਮੈਂ ਹਿੰਦੋਸਤਾਨ ਲਊਂਗਾ

## ਮੂਲ ਪ੍ਰਕਾਸ਼ ਕਾਂਤ

o

ਸਾਹਬ ਦਾ ਬਾਵਾ ਅਚਾਨਕ ਮਚਲ ਉੱਠਿਆ ਸੀ। ਰੋ-ਰੋ ਕੇ ਸਾਰਾ ਬੰਗਲਾ ਸਿਰ ਤੇ ਚੁਕ ਲਿਆ ਸੀ। ਇਕ ਜ਼ਿੱਦ ਫੜ ਲਈ ਸੀ ਉਸਨੇ। ਇਕੋ ਵਾਕ ਦੀ ਮੁੜ-ਮੁੜ ਦੁਹਰਾਈ ਕਰ ਰਿਹਾ ਸੀ ਉਹ।

"ਪਾਪਾ, ਮੈਂ ਹਿੰਦੋਸਤਾਨ ਲਊਂਗਾ।"

ਕਲ੍ਹ ਤਕ ਬਾਵਾ ਜਿਵੇਂ ਗੇਂਦ, ਗੁੱਡੀ, ਰੇਲ, ਹਵਾਈ ਜਹਾਜ਼ ਵਰਗੇ ਖਿਡਾਉਣਿਆਂ ਲਈ ਮਚਲਦਾ ਸੀ, ਜ਼ਿੱਦ ਕਰਦਾ ਸੀ, ਬਿਲਕੁਲ ਉਵੇਂ ਅਜ ਉਸਨੂੰ ਖੇਡਣ ਵਾਸਤੇ ਅਚਾਨਕ ਹੀ ਹਿੰਦੋਸਤਾਨ ਲੈਣ ਦੀ ਜ਼ਿੱਦ ਚੜ੍ਹ ਗਈ ਸੀ ਅਤੇ ਉਹ ਬੁਰੀ ਤਰ੍ਹਾਂ ਰੋਣ ਲਗ ਪਿਆ ਸੀ। ਘਰ ਦੇ ਸਾਰੇ ਬੰਦਿਆਂ ਨੇ ਉਸਨੂੰ ਸੌ ਤਰੀਕਿਆਂ ਨਾਲ ਹੋਰ-ਹੋਰ ਚੀਜ਼ਾਂ ਦਾ ਲਾਲਚ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਸਭ ਵਿਅਰਥ। ਬੱਸ ਇਕੋ ਜ਼ਿੱਦ ਸੀ:

- "ਪਾਪਾ, ਮੈਂ ਹਿੰਦੋਸਤਾਨ ਲਊਂਗਾ।"

ਘਰ ਦੇ ਜੀਅ ਜਦੋਂ ਸਮਝਾ-ਬੁਝਾ ਕੇ ਥੱਕ ਗਏ ਤਾਂ ਹਾਰਕੇ ਬਾਵੇ ਦੀ ਮੰਮੀ ਨੇ ਉਸਦੇ ਪਾਪਾ ਨੂੰ ਸੈਕਰੇਟਰੀ-ਏਟ ਵਿਚ ਫੋਨ ਕਰ ਦਿਤਾ। ਸਾਹਬ ਉਸ ਵੇਲੇ ਕਿਸੇ ਜ਼ਰੂਰੀ ਮੀਟਿੰਗ ਵਿਚ ਰੁਝੇ ਹੋਏ ਹਨ ਇਸ ਲਈ ਫੋਨ ਪੀ.ਏ. ਨੇ ਚੁਕਿਆ। ਇਹ ਜਾਣ ਕੇ ਕਿ ਦੂਜੇ ਪਾਸੇ ਮੇਮ ਸਾਹਬ ਨੇ, ਉਸਨੇ ਤੁਰੰਤ ਸਲਿੱਪ ਭੇਜ ਕੇ ਸਾਹਬ ਨੂੰ ਬਾਹਰ ਸਦ ਲਿਆ ਤੇ ਰਸੀਵਰ ਅਗੇ ਕਰ ਦਿਤਾ।

"ਬਾਵੇ ਨੂੰ ਖੇਡਣ ਲਈ ਹਿੰਦੋਸਤਾਨ ਚਾਹੀਦਾ ਏ। ਉਹ ਬਹੁਤ ਮਚਲ ਰਿਹਾ ਏ।" ਦੂਜੇ ਪਾਸਿਉਂ ਸਾਹਬ ਦੀ ਅਰਧਾਂਗਣੀ ਦੇ ਬੋਲ ਤੈਰਕੇ ਸਾਹਬ ਦੇ ਕੰਨੀ ਆ ਪਏ।

"ਵਾਹਟ!" ਸਾਹਬ ਚੌਂਕਿਆ, "ਕਿਆ ਬੇਵਕੂਫ਼ੀ ਹੈ। ਉਹ ਤੇ ਇਹੋ ਜਿਹੀਆਂ ਫ਼ਾਹੀਆਤ ਚੀਜ਼ਾ ਦਾ ਵਾਕਫ਼ ਨਹੀਂ ਸੀ। ਹੁਣ ਅਚਾਨਕ ਇਹ ਕਿਵੇਂ ਹੋ ਗਿਆ? ਆਈ ਸੇ ਹੂ ਟੋਲਡ ਹਿਮ?" ਸਾਹਬ ਇਸ ਤਰ੍ਹਾਂ ਦਹਾੜਿਆ ਕਿ ਫੋਨ ਨੂੰ ਵੀ ਝਰਨਾਟ ਛਿੜ ਗਈ। ਦੂਜੇ ਪਾਸੇ ਮੌਜੂਦ ਅਰਧਾਂਗਣੀ ਸਹਿਮ ਕੇ ਰੋਹ ਗਈ। ਦਰਅਸਲ ਉਸ ਵਿਚਾਰੀ ਨੂੰ ਆਪ ਇਸ ਗਲ ਦਾ ਨਹੀਂ ਸੀ ਪਤਾ ਕਿ ਬਾਵਾ ਇਸ ਤਰ੍ਹਾਂ ਦੀ ਘਟੀਆ ਚੀਜ਼ ਦੇ ਬਾਰੇ ਵਿਚ ਕਿਵੇਂ ਜਾਣ ਗਿਆ।

"ਦੇਖੋ ਜੀ, ਤੁਸੀਂ ਜਿਵੇਂ ਵੀ ਹੋਵੇ ਛੇਤੀ ਘਰ ਪਹੁੰਚ ਜਾਉ। ਬਾਵਾ ਬਹੁਤ ਮਚਲ ਰਿਹਾ ਏ।" ਉਸਨੇ ਤਕਰੀਬਨ ਰੋਣ ਹਾਕੀ ਹੁੰਦਿਆਂ ਕਿਹਾ।

ਇਸ ਸਮੇਂ ਸੈਕਟਰੀਏਟ ਵਿਚ ਪ੍ਰਦੇਸ਼ ਦੇ ਉੱਤਰੀ ਹਿੱਸੇ ਵਿਚ ਪਏ ਸੋਕੇ ਦੇ ਸਬੰਧ ਵਿਚ ਮੀਟਿੰਗ ਚਲ ਰਹੀ ਸੀ। ਅਨੇਕਾਂ ਡੰਗਰਾਂ ਅਤੇ ਆਦਿ ਵਾਸੀਆਂ ਦੇ ਭੁਖ ਨਾਲ ਮਰਨ ਦੀ ਖ਼ਬਰ ਸੀ। ਪਰ ਉਸ ਸਮੇਂ ਇਹਨਾਂ ਸਭਨਾਂ ਨਾਲੋਂ ਵੱਡੀ ਖ਼ਬਰ ਬਾਵੇ ਦੇ ਹਿੰਦੋਸਤਾਨ ਲੈਣ ਬਾਰੇ ਮਚਲਣ ਦੀ ਸੀ। ਸੋਕੇ ਬਾਰੇ ਚਲ ਰਹੀ ਐਮਰਜੈਂਸੀ ਮੀਟਿੰਗ ਨਾਲੋਂ ਇਹ ਮਸਲਾ ਬਹੁਤਾ ਗੰਭੀਰ ਅਤੇ ਚਿੰਤਾਜਨਕ ਸੀ। ਮੇਜ਼ ਉੱਤੇ ਸਾਰੇ ਜ਼ਿਲਾ-ਕੁਲੈਕਟਰਾਂ ਵਲੋਂ ਭੇਜੀਆਂ ਗਈਆਂ ਸੋਕੇ ਸਬੰਧੀ ਰਿਪੋਰਟਾਂ ਪਈਆਂ

ਸਨ ।.ਵਿਚਾਰ-ਵਟਾਂਦਰਾ ਚਲ ਰਿਹਾ ਸੀ । ਸਾਹਬ ਨੇ ਬਾਹਰੋਂ ਆਉਂਦਿਆਂ ਹੀ ਮੀਟਿੰਗ ਅਗਲੇ ਦਿਨ ਲਈ ਅਗੇ ਪਾ ਦਿਤੀ ਅਫ਼ਸਰ ਆਪਣੀਆਂ ਫਾਇਲਾਂ ਲੈ ਕੇ ਚਲਦੇ ਬਣੇ । ਅਗਲੇ ਹੀ ਪਲ ਸਾਹਬ ਆਪਣੀ ਕਾਰ ਵਿਚ ਸੀ ।

ਸਾਹਬ ਬੰਗਲੇ ਵਿਚ ਗਰਜਦਾ ਹੋਇਆ ਵੜਿਆ । ਡਰਾਇੰਗ ਰੂਮ ਵਿਚ ਭੀੜ ਜੁੜੀ ਹੋਈ ਸੀ । ਸਾਰੇ ਨੌਕਰ-ਚਾਕਰ ਹੱਥ ਬੰਨ੍ਹੀ ਖੜ੍ਹੇ ਸਨ ਅਤੇ ਬਾਵੇ ਨੇ ਰੋ-ਰੋ ਕੇ ਸਾਰਾ ਬੰਗਲਾ ਸਿਰ ਤੇ ਚੁਕਿਆ ਹੋਇਆ ਸੀ । ਬਾਵੇ ਦੇ ਲਗਾਤਾਰ ਰੋਣ ਵਿਚੋਂ ਇਕੋ ਵਾਕ ਬਾਰ-ਬਾਰ ਸੁਣਾਈ ਦੇ ਰਿਹਾ ਸੀ :

"ਪਾਪਾ, ਮੈਂ ਹਿੰਦੋਸਤਾਨ ਲਊਂਗਾ ।"

ਹਿੰਦੋਸਤਾਨ ! ਉਹ ਅਜਿਹਾ ਫਾਲਤੂ ਸ਼ਬਦ ਆਪਣੇ ਬੰਗਲੇ ਵਿਚ ਪਹਿਲੀ ਵਾਰ ਸੁਣ ਰਿਹਾ ਸੀ। ਉਸਦਾ ਅਫਸਰੀ ਖੂਨ ਖੌਲ ਉੱਠਿਆ । ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਐਨੀ ਸਾਵਧਾਨੀ ਦੇ ਬਾਵਜੂਦ ਇਹ ਸ਼ਬਦ ਬੰਗਲੇ ਦੀ ਕੰਡਿਆਲੀ ਤਾਰ ਦੇ ਅੰਦਰ ਕਿਵੇਂ ਲੰਘ ਆਇਆ ? ਉਸਨੂੰ ਇਸ ਸ਼ਬਦ ਨਾਲ ਹਮੇਸ਼ਾ ਹੀ ਬਹੁਤ ਸਖ਼ਤ ਚਿੜ੍ਹ ਰਿਹਾ ਸੀ। ਇਸ ਗਲ ਦਾ ਹਲਕਾ ਜਿਹਾ ਅਹਿਸਾਸ ਵੀ ਉਸਨੂੰ ਭਿਆਨਕ ਆਪਾ-ਨਫ਼ਰਤ ਨਾਲ ਭਰ ਦਿਆਂ ਕਰਦਾ ਸੀ ਕਿ ਜਿਸ ਧਰਤੀ ਤੇ ਉਹ ਫਿਲਹਾਲ ਰਹਿ ਰਹੇ ਨੇ, ਉਹ ਵੀ ਹਿੰਦੋਸਤਾਨ ਹੀ ਹੈ । ਪਰ, ਮਜਬੂਰੀ ਸੀ । ਮਾਂ-ਬਾਪ, ਸਾਰਾ ਖਾਨਦਾਨ, ਸਭ ਵਡਾਰੂ ਇਸੇ ਦੇਸ਼ ਵਿਚ ਪੈਦਾ ਹੁੰਦੇ ਰਹੇ ਸਨ । ਜੇ ਸਾਹਬ ਦਾ ਬਸ ਚਲਿਆ ਹੁੰਦਾ ਤਾਂ ਉਹ ਆਪਣਾ ਇਸ ਦੇਸ਼ ਵਿਚ ਪੈਦਾ ਹੋਣਾ ਹੀ ਰੁਕਵਾ ਦੇਂਦਾ । ਕੀ ਇਹੋ ਇਕ ਦੇਸ਼ ਬਚਿਆ ਸੀ ਉਸਦੇ ਜਨਮ ਲੈਣ ਵਾਸਤੇ ? ਇਕ ਤੋਂ ਇਕ ਚੜ੍ਹ ਕੇ ਦੇਸ਼ ਪਏ ਨੇ ਦੁਨੀਆ ਵਿਚ. ਜਿਥੇ ਜ਼ਿੰਦਗੀ ਹੈ, ਰੌਣਕ ਹੈ, ਖੁਸ਼ੀਆਂ ਹਨ। ਜੰਮਣਾ ਹੀ ਸੀ ਤਾਂ ਉਥੇ ਜੰਮਦੇ ।

"ਪਾਪਾ, ਮੈਂ ਹਿੰਦੋਸਤਾਨ ਲਊਂਗਾ ।"

ਹਿੰਦੋਸਤਾਨ ! ਸਾਹਬ ਦੀਆਂ ਨਸਾਂ ਫੁਲ ਗਈਆਂ । ਅਖਾਂ ਅੰਗਿਆਰੇ ਬਣ ਗਈਆਂ । ਨਾਸਾਂ ਫਰਕਣ ਲੱਗੀਆਂ । ਉਸਨੇ ਬਲਦੀਆਂ ਅੱਖਾਂ ਨਾਲ ਡਰਾਇੰਗ ਰੂਮ ਵਿਚ ਮੌਜੂਦ ਹਰ ਬੰਦੇ ਵਲ ਘੂਰ ਕੇ ਵੇਖਿਆ ।

"ਕਿਹੜੇ ਕਮੀਨੇ ਨੇ ਇਸ ਘਿਨਾਉਣੀ ਚੀਜ਼ ਦਾ ਨਾਂ ਬਾਵੇ ਸਾਹਮਣੇ ਲਿਆ ਏ ? ਕਿਸਨੇ ਇਸ ਗੰਦੀ ਚੀਜ਼ ਦੇ ਬਾਰੇ ਵਿਚ ਉਸਨੂੰ ਦਸਿਆ ਏ ? ਆਈ ਸੇ ਹੂ ?"

ਸਾਹਬ ਦੀ ਗਰਜ ਪੂਰੇ ਕਮਰੇ ਵਿਚ ਗੂੰਜ ਗਈ। ਉਸ ਗਰਜ ਨਾਲ ਉਥੇ ਮੌਜੂਦ ਹਰ ਚੀਜ਼ ਥਰਥਰਾ ਗਈ।

ਸਾਹਬ ਨੇ ਦੋਨੋਂ ਹੱਥ ਪਿੱਠ ਪਿਛੇ ਕਰਕੇ ਇਕ ਦੂਜੇ ਵਿਚ ਘੁੱਟ ਲਏ ਤੇ ਸਭ ਦੇ ਸਾਹਮਣੇ ਇਕ ਗੇੜਾ ਦਿਤਾ ਜਿਵੇਂ ਕਰੋੜਾਂ ਰੁਪਏ ਦੀ ਡਕੈਤੀ ਦੇ ਅਸਲੀ ਅਪਰਾਧੀ ਦੀ ਸ਼ਨਾਖ਼ਤ ਕਰਨ ਲਈ ਪਛਾਣ-ਪਰੇਡ ਦੇ ਸਾਹਮਣੇ ਦੀ ਲੰਘ ਰਿਹਾ ਹੋਵੇ । ਹਰ ਚਿਹਰੇ ਨੂੰ ਉਸਦੀ ਅਫ਼ਸਰੀ ਨਜ਼ਰ ਚੀਰਦੀ-ਫਾੜਦੀ ਜਾ ਰਹੀ ਸੀ । ਸਾਰੇ ਨੌਕਰ-ਚਾਕਰ ਆਪਣੇ ਅਣਕੀਤੇ ਜੁਰਮ ਦੀ ਸਜ਼ਾ ਸੁਣਨ ਲਈ ਸਿਰ ਝੁਕਾਈ ਚੁਪ-ਚਾਪ ਖੜੇ ਸਨ ।

"ਯੂ ਬਲੈਡੀ ਬਾਸਟਾਰਡ ! ਗੰਦੇ, ਕੁਤੇ ਲੋਕੋ । ਤੁਹਾਡੇ ਵਿਚੋਂ ਹੀ ਕਿਸੇ ਨੇ ਬਾਵੇ ਨੂੰ ਇਸ ਗੰਦੀ ਚੀਜ਼ ਬਾਰੇ ਦਸਿਆ ਹੈ । ਮੈਂ ਪੁਛਦਾ ਹਾਂ ਕਿਸਨੇ ਕੀਤਾ ਹੈ ਇਹ ਜੁਰਮ ?" ਸਾਹਬ ਜਿਵੇਂ ਹੰਟਰ ਲੈ ਕੇ ਗਰਜਣ ਲਗਿਆ । ਇਕ ਲੰਮਾ ਚੱਕਰ ਕੱਟ ਕੇ ਉਹ ਆਯਾ ਦੇ ਸਾਹਮਣੇ ਖਲੋ ਗਿਆ । ਉਹ ਵਿਚਾਰੀ ਪਹਿਲਾਂ ਹੀ ਡਰ ਨਾਲ ਥਰ-ਥਰ ਕੰਬ ਰਹੀ ਸੀ । ਹੁਣ ਤਾਂ ਉਸਦੇ ਪਰਾਣ ਹੀ ਖੁਸ਼ਕ ਹੋ ਗਏ ।

"ਤੂੰ ਕੀ ਕਰਦੀ ਰਹਿੰਦੀ ਏ ਸਾਰਾ ਦਿਨ ?" ਸਾਹਬ ਉਸਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਘੁਰਕਦਾ ਬੋਲਿਆ, "ਤੂੰ ਤਾਂ ਨਹੀਂ ਬਕਿਆ ਇਹ ਨਾਂ ਬਾਵੇ ਦੇ ਸਾਹਮਣੇ ?"

"ਨੋ ਸਰ ।" ਆਯਾ ਦੀ ਅਵਾਜ਼ ਲਗ-ਭਗ ਗਿੜ-ਗਿੜਾਉਣ ਵਾਲੀ ਸੀ, "ਮੈਂ ਤਾਂ ਹਮੇਸ਼ਾ ਪੂਰੀ ਨਿਗਰਾਨੀ ਰੱਖਦੀ ਹਾਂ। ਬਹੁਤ ਅਲਰਟ ਰਹਿੰਦੀ ਹਾਂ ਇਸ ਮਾਮਲੇ ਵਿਚ । ਮੈਂ ਆਪ ਵੀ ਅਜਿਹੀਆਂ ਗੰਦੀਆਂ ਚੀਜ਼ਾਂ ਪਸੰਦ ਨਹੀਂ ਕਰਦੀ ।"

"ਫੇਰ ਕਿਹੜੇ ਜਾਂਗਲੀ ਦੀ ਕਰਤੂਤ ਏ ਇਹ ?" ਇਸ ਵੇਰ ਸਾਹਬ ਦਾ ਗਰਜਣਾ ਅਸਮਾਨ ਕੰਬਾ ਦੇਣ ਵਾਲਾ ਸੀ । ਫਿਰ ਉਹ ਆਪਣੀ ਪਤਨੀ ਕੋਲ ਪਹੁੰਚਿਆ, "ਮੈਂ ਤੈਨੂੰ ਹਮੇਸ਼ਾ ਵਾਰਨ ਕਰਦਾ ਰਿਹਾ ਏ ਕਿ ਬੱਚੇ ਦੇ ਮਾਮਲੇ 'ਚ ਸਦਾ ਪੂਰੀ ਕੇਅਰ ਰਖੋ । ਨੌਕਰਾਂ-ਚਾਕਰਾਂ ਦੇ ਭਰੋਸੇ ਬਹੁਤਾ ਛੱਡਣਾ ਚੰਗੀ ਗਲ ਨਹੀਂ । ਇਹ ਲੋਕ ਖੁਦ ਗੰਦਗੀ ਤੋਂ ਪੈਦਾ ਹੋਏ ਕੀੜੇ ਨੇ ਤੇ ਹਮੇਸ਼ਾ ਉਸੇ ਗੰਦਗੀ ਨਾਲ ਚੰਬੜੇ ਰਹਿੰਦੇ ਨੇ । ਜ਼ਰਾ ਧਿਆਨ ਕਰ ਹੁਣ ਤੋਂ ਹੀ ਇਹੋ ਜਿਹੀਆਂ ਚੀਜ਼ਾਂ ਦੇ ਟੱਚ ਵਿਚ ਆਉਣ ਨਾਲ ਬਾਵੇ ਦੀ ਡਿਵੈਲਪਮੈਂਟ ਕਿੰਨਾ ਡਿਸਟਰਬ ਹੋਏਗਾ । ਪਰ ਤੈਨੂੰ ਇਨ੍ਹਾਂ ਗੱਲਾਂ ਦੀ ਬਿਲਕੁਲ ਪਰਵਾਹ ਨਹੀਂ ।"

"ਪਾਪਾ ਮੈਂ ਹਿੰਦੋਸਤਾਨ ਲਊਂਗਾ ।"

ਸਾਹਬ ਦੇ ਚਿਹਰੇ ਤੇ ਅੰਤਾਂ ਦੀ ਪੀੜ ਖਿਤ ਗਈ । ਗੁੱਸਾ ਤਾਂ ਖੈਰ ਸੀ ਹੀ । ਉਸਨੂੰ ਆਪਣੀ ਮਹਾਨ ਔਲਾਦ ਦੇ ਮੂੰਹੋਂ 'ਹਿੰਦੋਸਤਾਨ, ਸ਼ਬਦ ਦਾ ਉਚਾਰਣ ਸੁਣਨਾ ਇਉਂ ਲਗ ਰਿਹਾ ਸੀ ਜਿਵੇਂ ਆਦਮ ਨੇ ਸੇਬ ਖਾ

"ਸੁਣੋ ਜੀ" ਪਤਨੀ ਦੀ ਰੋਣ ਹਾਕੀ ਅਵਾਜ਼ ਆਈ, "ਕੁਝ ਕਰੋ ਨਾ...ਦੇਖੋ ਬਾਵਾ ਕਿੰਨਾਂ ਮਚਲ ਰਿਹਾ ਏ।"

ਪਤਨੀ ਦੀ ਉਸ ਬੇਨਤੀ ਦਾ ਅਸਰ ਸਾਹਬ ਤੇ ਹੋਇਆ। ਸਾਹਬ ਨੂੰ ਵੀ ਗਲ ਦੀ ਤਹਿ ਤਕ ਗੋਤਾ ਲਾਉਣਾ ਜ਼ਰੂਰੀ ਲਗਿਆ। ਬਾਵਾਂ ਮਚਲ ਰਿਹਾ ਸੀ। ਚੀਖ਼ਾਂ ਮਾਰ ਮਾਰ-ਮਾਰ ਰੋ ਰਿਹਾ ਸੀ :

"ਪਾਪਾ, ਮੈਂ ਹਿੰਦੋਸਤਾਨ ਲਊਂਗਾ।"

ਘਰ ਵਿਚ ਮੌਜੂਦ ਸਾਰੇ ਖਿਡਾਉਣਿਆਂ ਦਾ ਢੇਰ ਬਾਵੇ ਦੇ ਸਾਹਮਣੇ ਲਾ ਦਿੱਤਾ ਗਿਆ ਨਵੇਂ ਤੋਂ ਨਵੇਂ ਅਤੇ ਕੀਮਤੀ ਖਿਡਾਉਣੇ। ਰਿਸ਼ਵਤ ਵਿਚ ਜਿੰਨੀਆਂ ਚੀਜ਼ਾਂ ਘਰ ਆਈਆਂ ਸਨ, ਉਨ੍ਹਾਂ ਵਿਚ ਕਈ ਬਹੁਤ ਕੀਮਤੀ ਖਿਡਾਉਣੇ ਵੀ ਸਨ। ਬਾਵੇ ਦੇ ਜਨਮ ਦਿਨ ਤੇ ਲੋੜ੍ਹਾਂ ਨੇ ਬਾਵੇ ਰਾਹੀਂ ਬਾਵੇ ਦੇ ਪਾਪਾ ਨੂੰ ਕੀਮਤੀ ਖਿਡਾਉਣਿਆਂ ਦੀ ਰਿਸ਼ਵਤ ਦਿੱਤੀ ਸੀ। ਸਾਰੇ ਖਿਡਾਉਣੇ ਇੰਪੋਰਟਡ ਸਨ। ਉਂਜ ਵੀ ਉਸ ਘਰ ਵਿਚ ਦੇਸ਼ ਜਾਂ ਕਿਸੇ ਦੇਸੀ ਚੀਜ਼ ਦਾ ਆਉਣਾ ਤਾਂ ਕੀ, ਜ਼ਿਕਰ ਕਰਨਾ ਵੀ ਮਨ੍ਹਾਂ ਸੀ। ਸਾਹਬ ਕਈ ਦਿਨਾਂ ਤੋਂ ਇਸ ਕੋਸ਼ਿਸ਼ ਵਿਚ ਸੀ ਕਿ ਘਰ ਵਿਚ ਨੌਕਰ-ਚਾਕਰ ਵੀ ਇੰਪੋਰਟਡ ਲਿਆਏ ਜਾਣ, ਪਰ ਕੋਈ ਜੁਗਾੜ ਹੀ ਨਹੀਂ ਸੀ ਬਣ ਸਕਿਆ। ਬਾਵੇ ਨੇ ਉਨ੍ਹਾਂ ਖਿਡਾਉਣਿਆ ਵਲ ਅੱਖ ਉਠਾਕੇ ਵੀ ਨਾ ਵੇਖਿਆ ਤੇ ਹੋਰ ਉੱਚੀ-ਉੱਚੀ ਰੋਂਦਾ ਲਿਟਣ ਲਗ ਪਿਆ :

"ਪਾਪਾ, ਮੈਂ ਹਿੰਦੋਸਤਾਨ ਲਊਂਗਾ।"

"ਬੇਟੇ, ਦੇਖੋ ਤਾਂ ਸਹੀ, ਇਹ ਕਿੰਨੀਆਂ ਸਾਰੀਆਂ ਵਧੀਆ ਚੀਜ਼ਾਂ ਨੇ। ਰੇਲ, ਹਵਾਈ ਜ਼ਹਾਜ਼, ਹੈਲੀਕਾਪਟਰ, ਕਾਰ, ਬਾਲ, ਡਾਲ। ਇਨ੍ਹਾਂ ਨਾਲ ਖੇਡੋ ਨਾ। ਤੂੰ ਵੀ ਕਿਹੜੀ ਸੜੀ ਹੋਈ ਚੀਜ਼ ਲੲੀ ਰੋਣ ਲਗਿਆ ਏ! ਅੱਛੇ ਬਚੇ ਹੋ ਬੇਟੇ। ਇਹੋ ਜਿਹੀ ਗੰਦੀ ਬਾਤ ਨਹੀਂ ਕਰਿਆ ਕਰਦੇ।" ਸਾਹਬ ਨੇ ਆਪਣੇ ਚਿਰੰਜੀਵ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ।

"ਨਹੀਂ ਪਾਪਾ, ਮੈਂ ਹਿੰਦੋਸਤਾਨ ਹੀ ਲਊਂਗਾ।"

ਇਸ ਵੇਰ ਸਾਹਬ ਨੂੰ ਥੋੜਾ ਗੁਸਾ ਵੀ ਆਇਆ। ਉਸਦੇ ਮਨ ਵਿਚ ਆਈ, ਇਕ ਅੱਧ ਥੱਪੜ ਹੀ ਜੜ ਦਿਆਂ ਇਸਦੇ। ਪਰ ਬੱਚੇ ਨੂੰ ਮਾਰਨਾ ਕੁਟਣਾ ਵੀ ਤਾਂ ਠੀਕ ਨਹੀਂ ਸੀ ਸਾਹਬ ਮਨ ਮਸੋਸ ਕੇ ਰਹਿ ਗਿਆ।

ਉਸਨੇ ਆਪਣੇ ਸਾਥੀ ਮਾਥਰ ਨੂੰ ਫੋਨ ਕੀਤਾ। ਇਸ ਮਸਲੇ ਵਿਚ ਉਹ ਉਸ ਕੋਲੋਂ ਸਲਾਹ ਲੈਣਾ ਚਾਹੁੰਦਾ ਸੀ। ਮਾਥਰ ਨੇ ਸਾਰੀ ਸਮੱਸਿਆ ਸੁਣੀ, "ਰੀਅਲੀ, ਇਟ ਇਜ਼ ਏ ਵੈਰੀ ਸੀਰੀਅਸ ਪਰਾਬਲਮ, ਤੁਸੀਂ ਆਪਣੇ ਬੱਚੇ ਦੀ ਠੀਕ ਤਰ੍ਹਾਂ ਕੇਅਰ ਨਹੀਂ ਕਰ ਰਹੇ। ਬੱਚਿਆਂ ਦੇ ਮਾਮਲੇ ਵਿਚ ਤਾਂ ਬਹੁਤ ਸਾਵਧਾਨ ਰਹਿਣਾ ਚਾਹੀਦਾ ਏ ਭਾਈ। ਉਹਨਾਂ ਨੂੰ ਐਸੀਆਂ-ਵੈਸੀਆਂ ਚੀਜ਼ਾਂ ਤੋਂ ਬਚਾਉਣਾ ਚਾਹੀਦਾ ਏ। ਬੱਚਾ ਜੇ ਹੁਣੇ ਤੋਂ ਇਹੋ ਜਿਹੀਆਂ ਬੇਕਾਰ ਚੀਜ਼ਾਂ ਦੇ ਟੱਚ ਵਿਚ ਆ ਗਿਆ ਤਾਂ ਉਸਦੀ ਲਾਈਫ ਹੀ ਸਪਾਇਲਡ ਹੋ ਜਾਏਗੀ। ਅੱਗੇ ਚੱਲ ਕੇ ਸਾਡੇ ਬੱਚਿਆਂ ਨੇ ਇਸ ਮੁਲਕ ਤੇ ਰਾਜ ਕਰਨਾ ਏ। ਚਾਹੇ ਇਹ ਆਪਣੀ ਮਜਬੂਰੀ ਏ ਕਿ ਅਸੀਂ ਉਹਨਾਂ ਨੂੰ ਰਾਜ ਕਰਨ ਲਈ ਇਸ ਤੋਂ ਚੰਗਾ ਮੁਲਕ ਜੁਟਾ ਨਹੀਂ ਸਕਦੇ। ਫੇਰ ਵੀ ਅਜੇ ਤਾਂ ਘਟੋ-ਘਟ ਉਹਨਾਂ ਨੂੰ ਇਸ ਤਰ੍ਹਾਂ ਦੀਆਂ ਚੀਜ਼ਾਂ ਤੋਂ ਬਚਣਾ ਹੀ ਚਾਹੀਦਾ ਏ।"

ਮਾਥਰ ਦੀ ਸਲਾਹ ਨੇ ਉਸਨੂੰ ਹੋਰ ਉਦਾਸ ਕਰ ਦਿਤਾ। ਉਦਾਸ ਵੀ ਤੇ ਪਰੇਸ਼ਾਨ ਵੀ। ਬਾਵਾ ਲਗਾਤਾਰ ਰੋਈ ਜਾ ਰਿਹਾ ਸੀ :

"ਪਾਪਾ, ਮੈਂ ਹਿੰਦੋਸਤਾਨ ਲਊਂਗਾ।"

ਸਾਹਬ ਹੋਰ ਗੰਭਰੀ ਹੋ ਗਿਆ। ਜੇ ਉਹ ਮੁਗਲ ਬਾਦਸ਼ਾਹ ਹੁੰਦਾ ਤਾਂ ਇਸੇ ਘੜੀ ਆਪਣੇ ਸ਼ਹਿਜ਼ਾਦੇ ਦੇ ਖੇਡਣ ਲਈ ਪੂਰੇ ਦਾ ਪੂਰਾਂ ਹਿੰਦੋਸ਼ਤਾਨ ਪੇਸ਼ ਕਰ ਦੇਂਦਾ ਪਰ ਮੁਸ਼ਕਲ ਤਾਂ ਇਹੋ ਸੀ ਕਿ ਉਹ ਇਸ ਜਾਹਲ ਮੁਲਕ ਵਿਚ ਇਕ ਆਈ. ਏ. ਐਸ, ਅਫ਼ਸਰ ਸੀ। ਚਾਹੇ ਮੁਲਕ ਤੇ ਉਸ ਵਰਗੇ ਕਈ ਆਈ. ਏ. ਐਸ. ਅਫ਼ਸਰ ਹੀ ਹਕੂਮਤ ਕਰ ਰਹੇ ਸਨ ਪਰ ਇਸਦੇ ਬਾਵਜੂਦ ਸਾਰੇ ਮੁਲਕ ਨੂੰ ਛੁਣਛੁਣਾ ਬਣਾ ਕੇ ਆਪਣੇ ਕੁਲਦੀਪਕ ਦੇ ਹੱਥ ਵਿਚ ਖੇਡਣ ਲਈ ਨਹੀਂ ਸੀ ਫੜਾਇਆ ਜਾ ਸਕਦਾ। ਅੱਜ ਉਸਨੂੰ ਆਪਣੀ ਬੇਵਸੀ ਪੂਰੀ ਤਰ੍ਹਾਂ ਖਟਕ ਰਹੀ ਸੀ। ਆਪਣੀ ਇਕਲੌਤੀ ਔਲਾਦ ਦੀ ਤੁਛ ਜਿਹੀ ਖਾਹਿਸ਼ ਉਹ ਪੂਰੀ ਨਹੀਂ ਕਰ ਰਿਹਾ ਸੀ। ਆਖ਼ਰ ਮੰਗ ਵੀ ਕੀ ਰਿਹਾ ਏ! ਹਿੰਦੋਸਤਾਨ ਹੀ ਨਾਂ! ਜਿਸ ਆਦਮੀ ਦੀ ਅਵਾਜ਼ ਤੇ ਪੂਰਾ ਡਿਪਾਰਟਮੈਂਟ ਕੰਬ ਉੱਠਦਾ ਹੋਵੇ, ਲੋਕਾਂ ਦੇ ਸਾਹ ਰੁਕ ਜਾਂਦੇ ਹੋਣ, ਉਹ ਆਪਣੇ ਬਚੇ ਨੂੰ ਖੇਡਣ ਵਾਸਤੇ ਗਲਿਆ-ਸੜਿਆ ਹਿੰਦੋਸਤਾਨ ਵੀ ਪੇਸ਼ ਨਹੀਂ ਕਰ ਸਕਦਾ। ਫਿੱਟੇ-ਮੂੰਹ ਅਜਿਹੀ ਅਫ਼ਸਰੀ ਦੇ। ਬੱਚਾ ਵੱਡਾ ਹੋ ਕੇ ਕੀ ਸੋਚੇਗਾ ਕਿ ਉਸਦਾ ਪਾਪਾ ਉਸਦੇ ਬਚਪਨ ਵਿਚ ਖੇਡਣ ਲਈ ਇਕ ਮਾਮੂਲੀ ਹਿੰਦੋਸਤਾਨ ਵੀ ਲਿਆ ਕੇ ਨਹੀਂ ਸੀ ਦੇ ਸਕਿਆ। ਬੱਚੇ ਦੀਆਂ ਛੋਟੀਆਂ-ਛੋਟੀਆਂ ਇੱਛਾਵਾਂ ਜੇ ਪੂਰੀਆਂ ਨਾ ਹੋਣ ਤਾਂ ਫਰਸਟਰੇਸ਼ਨ ਵਧਦੀ ਏ ਤੇ ਫਰਸਟਰੇਸ਼ਨ ਨਾਲ ਬੱਚੇ ਦਾ ਸੁਭਾਵਿਕ ਵਿਕਾਸ ਰੁਕ ਜਾਂਦਾ ਏ।

"ਪਾਪਾ ਮੈਂ ਹਿੰਦੋਸਤਾਨ ਲਊਂਗਾ।"

ਬੱਚੇ ਦਾ ਵਿਰਲਾਪ ਵਧਦਾ ਜਾ ਰਿਹਾ ਸੀ ਤੇ ਸਾਹਬ ਦਾ ਦੁੱਖ। ਦੁਨੀਆਂ ਵਿਚ ਲੋਕ ਬੱਚਿਆਂ ਲਈ

ਪਤਾ ਨਹੀਂ ਕੀ ਕੀ ਕਰ ਗੁਜ਼ਰਦੇ ਨੇ। ਗਿਰੇ ਤੋਂ ਗਿਰਿਆ ਭਿਖਾਰੀ ਵੀ ਆਪਣੇ ਬੱਚੇ ਦੀ ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਏ ਤੇ ਇਕ ਉਹ ਹੈ ਕਿ ਅਫ਼ਸਰ ਬਣਿਆ ਘੁੰਮ ਰਿਹਾ ਏ ਪਰ ਬੱਚੇ ਨੂੰ ਖੇਡਣ ਲਈ ਹਿੰਦੋਸਤਾਨ ਵੀ ਲਿਆ ਕੇ ਨਹੀਂ ਦੇ ਸਕਦਾ। ਜੇ ਇਹੋ ਹਾਲ ਹੈ ਤਾਂ ਪਤਾ ਨਹੀਂ ਦਫ਼ਤਰ ਵਿਚ ਹਕੂਮਤ ਕਿਵੇਂ ਕਰਦਾ ਹੋਵੇਗਾ। ਸਾਹਬ ਗੁੱਸੇ ਅਤੇ ਆਪਾ ਨਫ਼ਰਤ ਦੇ ਸਾਗਰ ਵਿਚ ਡੁਬ ਗਿਆ।

"ਪਾਪਾ, ਮੈਂ ਹਿੰਦੋਸਤਾਨ ਲਊਂਗਾ।"

ਬਾਵੇ ਦੀ ਪੀੜ-ਭਰੀ ਅਵਾਜ਼ ਫਿਰ ਗੂੰਜੀ। ਮੰਮੀ ਦਾ ਦਿਲ ਹਿਲ ਗਿਆ।

"ਸੁਣੋ ਜੀ।" ਉਹ ਆਪਣੇ ਅਫ਼ਸਰ ਪਤੀ ਵਲ ਦਰਦ-ਭਰੀ ਅਵਾਜ਼ ਨਜ਼ਰ ਨਾਲ ਵੇਖਦੀ ਬੋਲੀ, "ਬਾਵੇ ਦਾ ਰੋਣ ਹੁਣ ਮੈਥੋਂ ਨਹੀਂ ਸਹਾਰਿਆ ਜਾਂਦਾ। ਪਲੀਜ਼, ਕੁਝ ਵੀ ਕਰੋ ਪਰ ਖੇਡਣ ਲਈ ਬਾਵੇ ਨੂੰ ਹਿੰਦੋਸਤਾਨ ਜ਼ਰੂਰ ਲਿਆ ਕੇ ਦਿਉ। ਮਿਸਿਜ਼ ਭਟਨਾਗਰ, ਮਿਸਿਜ਼ ਚੋਪੜਾ, ਮਿਸਿਜ਼ ਗਰਗ ਕੀ ਸੋਚਣਗੀਆਂ ? ਜਦੋਂ ਉਹਨਾਂ ਨੂੰ ਇਹ ਪਤਾ ਲਗੇਗਾ ਤਾਂ ਸ਼ਰਮ ਦੇ ਮਾਰੇ ਮੈਂ ਤਾਂ ਉਹਨਾਂ ਅਗੇ ਸਿਰ ਨਹੀਂ ਚੁਕ ਸਕਾਂਗੀ। ਸਾਰੀ ਰੈਪੂਟੇਸ਼ਨ ਚੌਪਟ ਹੋ ਜਾਵੇਗੀ। ਮਿਸਿਜ਼ ਗਰਗ ਆਪਣੇ ਵੱਡੇ ਲੜਕੇ ਨੂੰ ਅਗਲੇ ਸਾਲ ਸ਼ਿਕਾਗੋ ਐਡਮੀਸ਼ਨ ਦੁਆ ਰਹੀ ਏ, ਮਿਸਿਜ਼ ਚੋਪੜਾ ਦੀ ਲੜਕੀ ਨੂੰ ਯੂ. ਕੇ. ਦੀ ਸਕਾਲਰ ਸ਼ਿੱਪ ਮਨਜ਼ੂਰ ਹੋ ਗਈ ਏ। ਬਾਕੀ ਸਭ ਵੀ ਆਪਣੇ ਬੱਚਿਆਂ ਲਈ ਪਤਾ ਨਹੀਂ ਕੀ-ਕੀ ਕਰ ਰਹੇ ਨੇ, ਇਕ ਅਸੀਂ ਹਾਂ ਕਿ ਬਾਵੇ ਨੂੰ ਸਿਰਫ਼ ਖੇਡਣ ਲਈ ਹਿੰਦੋਸਤਾਨ ਵੀ ਲਿਆ ਕੇ ਨਹੀਂ ਦੇ ਸਕਦੇ।"

ਆਪਣੀ ਅਰਧਾਂਗਣੀ ਦੇ ਵਚਨ ਅਫ਼ਸਰ ਪਤੀ ਨੂੰ ਜ਼ਹਿਰੀ ਬਾਣ ਵਾਂਗ ਆ ਲਗੇ। ਉਸਨੂੰ ਜਿਵੇਂ ਇਕ ਚੁਣੌਤੀ ਦਿਤੀ ਗਈ ਸੀ। ਹੁਣ ਤੀਕ ਕਮਾਈ ਗਈ ਅਤੇ ਸਮੇਂ-ਸਮੇਂ ਤੇ ਵਰਤੀ ਗਈ ਸਾਰੀ ਅਫ਼ਸਰੀ ਉਰਜਾ ਤੇ ਯੋਗਤਾ ਦੇ ਇਮਤਿਹਾਨ ਦਾ ਇਹੋ ਸਮਾਂ ਸੀ। ਉਹ ਆਖ਼ਰ ਕੀ ਨਹੀਂ ਸੀ ਕਰ ਸਕਦਾ। ਉਹ ਕਾਗਜ਼ਾਂ ਉੱਤੇ ਹੀ ਬੰਨ੍ਹ ਬੰਨਵਾ ਕੇ ਹੜ੍ਹ ਵਿਚ ਉਨ੍ਹਾਂ ਨੂੰ ਰੁੜ੍ਹਾ ਸਕਦਾ ਸੀ। ਕਿਸੇ ਦੀ ਕੀ ਮਜਾਲ ਕੀ ਉਸ ਵਲ ਜ਼ਰਾ ਜਿੰਨੀ ਵੀ ਉਂਗਲ ਉਠਾ ਸਕੇ। ਰਾਮ ਪੁਰੇ ਦੀ ਨਦੀ ਤੇ ਪੁਲ ਬਣਾਉਣ ਦੀ ਮਨਜ਼ੂਰੀ ਤੋਂ ਬਾਦ ਉਸ ਨੇ ਪੁਲ ਦਾ ਪੂਰਾ ਨਿਰਮਾਣ ਅਤੇ ਅੰਤ ਵਿਚ ਜ਼ਮੀਨ ਨਿੱਘਰ ਜਾਣ ਦੇ ਪੂਰਾ ਪੁਲ ਢਹਿ ਢੇਰੀ ਹੋ ਜਾਣ ਦੇ ਸਾਰੇ ਕੰਮ ਕਾਗਜ਼ਾਂ ਉਤੇ ਹੀ ਨਿਪਟਾ ਦਿੱਤੇ ਸਨ। ਚਾਹੇ ਮਾੜਾ-ਮੋਟਾ ਰੌਲਾ ਪਿਆ ਜ਼ਰੂਰ ਪਰ ਇਸ ਕਮਾਈ 'ਚੋਂ ਉਸਨੇ ਦੋ ਫਲੈਟ ਆਪਣੇ ਸਾਲੇ ਅਤੇ ਬੀਵੀ ਦੇ ਨਾਂ ਉਤੇ ਬਣਵਾ ਲਏ। ਇਕ ਟਰੱਕ ਪਾ ਲਿਆ। ਕਿਉਂਕਿ ਰੌਲਾ ਪੈ ਗਿਆ ਸੀ ਇਸ ਲਈ ਕੁਝ ਨਾ ਕੁਝ ਤਾਂ ਹੋਣਾ ਹੀ ਸੀ। ਉਸਦਾ ਵਿਭਾਗ ਬਦਲ ਦਿੱਤਾ ਗਿਆ। ਹੁਣ ਉਸਨੂੰ ਵਣ ਵਿਭਾਗ ਮਿਲ ਗਿਆ। ਉੱਥੇ ਵੀ ਉਸਨੇ ਆਪਣੀ ਜਨਮ ਜਾਤ ਪ੍ਰਤਿਭਾ ਦਾ ਵਧੀਆ ਸਬੂਤ ਦਿਤਾ। ਜੰਗਲਾਂ ਦੇ ਜੰਗਲ ਕਟਵਾ ਦਿਤੇ ਗਏ ਤੇ ਜਦੋਂ ਪਲਾਂਟੇਸ਼ਨ ਸ਼ੁਰੂ ਹੋਈ ਤਾਂ ਕਾਗਜ਼ਾਂ ਉੱਤੇ ਹੀ ਲੱਖਾਂ ਪੌਦੇ ਲਗਵਾ ਦਿਤੇ ਗਏ। ਪੌਦੇ ਵੱਡੇ ਵੀ ਹੋਏ। ਪੂਰਾ ਜੰਗਲ ਲਹਿਰਾਉਣ ਵੀ ਲੱਗ ਪਿਆ ਤੇ ਫਿਰ ਕਟਿਆ ਵੀ ਗਿਆ। ਇਹ ਸਭ ਕੁਝ ਹੋਇਆ ਤੇ ਪਲਾਂਟੇਸ਼ਨ ਦੇ ਨਾਂ ਤੇ ਆਇਆ ਸਾਰਾ ਪੈਸਾ ਸਾਹਬ ਦੇ ਬੈਂਕ-ਬੈਲੈਂਸ ਦੀ ਸ਼ੋਭਾ ਵਧਾਉਣ ਲਗਿਆ।

ਜਦੋਂ ਉਹ ਐਨਾ-ਕੁਝ ਕਰਕੇ ਵਿਖਾ ਸਕਦਾ ਸੀ, ਕਰਕੇ ਵਿਖਾ ਵੀ ਚੁਕਾ ਸੀ ਤਾਂ ਆਪਣੇ ਕੁਲਦੀਪਕ ਦੇ ਖੇਡਣ ਵਾਸਤੇ ਹਿੰਦੋਸਤਾਨ ਲਿਆ ਕੇ ਨਾ ਦੇ ਸਕਣਾ ਬੇਤੁਕੀ ਤੇ ਵਿਸ਼ਵਾਸੋਂ-ਬਾਹਰੀ ਗਲ ਸੀ।

ਅਚਾਨਕ ਸਾਹਬ ਦੇ ਆਈ. ਏ. ਐਸ. ਦਿਮਾਗ ਵਿਚ ਇਕ ਤਰਕੀਬ ਬਿਜਲੀ ਵਾਂਗ ਲਿਸ਼ਕ ਗਈ। ਉਸਨੂੰ ਯਾਦ ਆਇਆ ਕਿ ਇਕ ਹਿੰਦੀ ਕਵੀ ਨੇ ਅਜੇ ਪਰਸੋਂ ਹੀ ਇਕ ਕਵੀ ਸੰਮੇਲਨ ਵਿਚ ਅਸਲੀ ਹਿੰਦੋਸਤਾਨ ਦੀ ਤਸਵੀਰ ਪੇਸ਼ ਕਰਦੇ ਹੋਏ ਇਕ ਹੱਡੀਆਂ ਦਾ ਢਾਂਚਾ, ਪਿਚਕੀਆਂ ਹੋਈਆਂ ਗੱਲ੍ਹਾਂ, ਅੰਦਰ ਧਸੀਆਂ ਹੋਇਆਂ ਅੱਖਾਂ, ਟੋਏ ਵਰਗਾ ਪੇਟ, ਚੀਥੜੇ ਬਣੇ ਕਪੜੇ, ਜਟੂਰੀਆਂ ਵਰਗੇ ਵਾਲ ਅਤੇ ਬਿਆਈਆਂ ਫਟੇ ਨੰਗੇ ਪੈਰਾਂ ਵਾਲੇ ਆਦਮੀ ਦਾ ਜ਼ਿਕਰ ਕੀਤਾ ਸੀ। ਵੈਸੇ ਉਸਦਾ ਕਿਸੇ ਕਵਿਤਾ-ਕੁਵਤਾ ਵਰਗੀ ਫ਼ਜ਼ੂਲ ਚੀਜ਼ ਨਾਲ ਕੋਈ ਵਾਹ-ਵਾਸਤਾ ਨਹੀਂ ਸੀ ਪਰ ਉਸ ਦਿਨ ਉਹਨਾਂ ਦੇ ਵਿਭਾਗ ਦੇ ਮੰਤਰੀ ਨੂੰ ਸਰਕਾਰੀ-ਖਰਚ ਤੇ ਹੋਣ ਵਾਲੇ ਕਵੀ ਸੰਮੇਲਨ ਦੀ ਪ੍ਰਧਾਨਗੀ ਕਰਨ ਲਈ ਬੁਲਾਇਆ ਗਿਆ ਸੀ। ਇਸ ਲਈ ਉਸਨੂੰ ਵੀ ਨਾਲ ਜਾਣਾ ਪਿਆ ਸੀ। ਉੱਥੇ ਹੀ ਕਿਸੇ ਕਵੀ ਨੇ ਅਸਲੀ ਹਿੰਦੋਸਤਾਨ ਦਾ ਖ਼ਾਕਾ ਖਿੱਚਦਿਆਂ ਇਹੋ ਜਿਹੇ ਆਦਮੀ ਦਾ ਜ਼ਿਕਰ ਕੀਤਾ ਸੀ ਅਤੇ ਦਾਅਵੇ ਨਾਲ ਕਿਹਾ ਸੀ ਕਿ ਇਹੋ ਹੈ ਅਸਲੀ ਹਿੰਦੋਸਤਾਨ।

ਮੰਤਰੀ ਜੀ ਵਾਹ-ਵਾਹ ਕਰ ਉੱਠੇ ਸਨ। ਉਸਨੂੰ ਵੀ ਵਾਹ-ਵਾਹ ਕਰਨੀ ਪਈ ਸੀ। ਉਦੋਂ ਤਾਂ ਭਾਵੇਂ ਉਹ ਕਵਿਤਾ ਉਸਦੇ ਖਾਨੇ 'ਚ ਨਹੀਂ ਸੀ ਪਈ ਪਰ ਇਸ ਸਮੇਂ ਉਸਦੀ ਅਸਲੀਅਤ ਅਤੇ ਲੋੜ ਇਕ ਦਮ ਸਮਝ 'ਚ ਆ ਗਈ। ਉਸਨੇ ਫ਼ੌਰਨ ਆਪਣੇ ਪੀ.ਏ. ਨੂੰ ਹੁਕਮ ਚਾੜ੍ਹਿਆ ਕਿ ਇਸ ਤਰ੍ਹਾਂ ਦਾ ਆਦਮੀ ਫੜਕੇ ਉਸਦੇ ਸਾਹਮਣੇ ਹਾਜ਼ਰ ਕੀਤਾ ਜਾਵੇ। ਪੀ.ਏ. ਬਾਹਰ ਵਲ

ਦੌੜਿਆ । ਇਸ ਵਿਚ ਕੋਈ ਸ਼ਕ ਨਹੀਂ ਕਿ ਇਹੋ ਜਿਹੇ ਇਨਸਾਨਾਂ ਦੀ ਕਮੀ ਘਟੋ-ਘਟ ਪ੍ਰਸ਼ੰਸਾਯੋਗ ਰਿਸ਼ੀਆਂ-ਮੁਨੀਆਂ ਦੀ ਧਰਤੀ ਤੇ ਬਿਲਕੁਲ ਨਹੀਂ ਹੈ । ਸੋ ਦਸਾਂ ਮਿੰਟਾਂ ਵਿਚ ਹੀ ਇੰਨ-ਬਿੰਨ ਇਹੋ ਜਿਹਾ ਆਦਮੀ ਫੁਟਪਾਥ ਤੋਂ ਫੜਕੇ ਸਾਹਬ ਦੇ ਸਾਹਮਣੇ ਹਾਜ਼ਰ ਕਰ ਦਿਤਾ ਗਿਆ ।

ਸਾਹਬ ਨੇ ਇਕ ਵਾਰੀ ਉਸ ਹੱਡੀਆਂ ਦੇ ਢਾਂਚੇ ਨੂੰ ਸਿਰ ਤੋਂ ਪੈਰਾਂ ਤਕ ਘੂਰਿਆ :

"ਗੁੱਡ...ਵੈਰੀ ਗੁੱਡ...ਇਟ ਇਜ਼ ਰੀਅਲੀ ਦੇ ਹਿੰਦੋਸਤਾਨ ।" ਸਾਹਬ ਖੁਸ਼ ਹੋ ਗਿਆ । ਉਸ ਹਿੰਦੋਸਤਾਨ ਨੂੰ ਸਾਹਬ ਦੇ ਸਾਹਮਣੇ ਉਕੜੂ ਬਿਠਾ ਦਿਤਾ ਗਿਆ । ਫਿਰ ਬਾਵੇ ਨੂੰ ਆਪਣੀ ਗੋਦ ਵਿਚ ਚੁਕ ਕੇ ਸਾਹਬ ਬੋਲਿਆ, "ਬੇਟੇ, ਤੈਨੂੰ ਖੇਡਣ ਲਈ ਹਿੰਦੋਸਤਾਨ ਚਾਹੀਦਾ ਸੀ ਨਾ...ਆਹ ਲੈ । ਬਸ ਹੁਣ ਚੁਪ ਹੋ ਜਾ ।"

ਬਾਵੇ ਨੇ ਆਪਣੇ ਸਾਹਮਣੇ ਉਕੜੂ ਬੈਠੇ ਹਿੰਦੋਸਤਾਨ ਨੂੰ ਵੇਖਿਆ ਅਤੇ ਜਿਵੇਂ ਕਿ ਸੁਭਾਵਕ ਜਾਨ ਆਈ ।

ਬਾਵੇ ਨੇ ਹਿੰਦੋਸਤਾਨ ਨੂੰ ਚੁਫੇਰੇ ਘੁੰਮ ਕੇ ਵੇਖਿਆ । ਫਿਰ ਉਸ ਦੇ ਵਾਲ ਪੁਟੇ । ਨੱਕ ਕੰਨ ਖਿੱਚ-ਖੱਚਕੇ ਵੇਖੇ । ਉਸਦੇ ਚੀਥੜਿਆਂ ਨੂੰ ਹੋਰ ਫ਼ਾੜ ਕੇ ਵੇਖਿਆ । ਆਪਣੇ ਛੋਟੇ-ਛੋਟੇ ਹੱਥਾਂ ਨਾਲ ਉਸਦੇ ਦੋ-ਚਾਰ ਚਪੇੜਾਂ ਮਾਰੀਆਂ । ਸਾਹਮਣੇ ਉਕੜੂ ਅਤੇ ਗੋਡਿਆਂ ਵਿਚ ਸਿਰ ਦੇਈ ਬੈਠਾ ਹਿੰਦੋਸਤਾਨ ਕੁਝ ਵੀ ਨਾ ਕੂਇਆ । ਬਾਵੇ ਨੂੰ ਯਕੀਨ ਹੋ ਗਿਆ ਕਿ ਉਸਦੇ ਸਾਹਮਣੇ ਜੋ ਚੀਜ਼ ਲਿਆ ਕੇ ਧਰੀ ਗਈ ਹੈ ਉਹ ਹਿੰਦੋਸਤਾਨ ਹੀ ਹੈ । ਅਸਲੀ ਹਿੰਦੋਸਤਾਨ । ਇਸ ਨਾਲ ਹੀ ਉਸਨੇ ਖੇਡਣਾ ਸੀ । ਉਹ ਤਾੜੀਆਂ ਮਾਰਦਾ ਕਿਲਕਾਰੀ ਮਾਰ ਕੇ ਹੱਸਿਆ । ਉਕੜੂ ਬੈਠੇ ਹਿੰਦੋਸਤਾਨ ਦੇ ਮੋਢਿਆਂ ਅਤੇ ਗਰਦਨ ਤੇ ਚੜ੍ਹਨ ਦੀ ਕੋਸ਼ਿਸ਼ ਕਰਨ ਲਗਾ । ਸਾਹਬ ਨੇ ਉਸਨੂੰ ਆਪਣੇ ਸਖ਼ਤ ਹੱਥਾਂ ਨਾਲ ਚੁਕ ਕੇ ਹਿੰਦੋਸਤਾਨ ਦੀ ਗਰਦਨ ਤੇ ਸਵਾਰ ਕਰ ਦਿਤਾ ।

ਹਿੰਦੋਸਤਾਨ ਨਾ ਹਿੱਲ ਰਿਹਾ ਸੀ ਨਾ ਜੁਲ ਰਿਹਾ ਸੀ । ਚੁਪ ਸੀ । ਉਹ ਡਰੀਆਂ-ਸਹਿਮੀਆਂ ਅੱਖਾਂ ਨਾਲ ਸਭ ਕੁਝ ਦੇਖ ਤੇ ਸਹਿ ਰਿਹਾ ਸੀ । ਬਾਵੇ ਨੇ ਗਰਦਣ ਤੇ ਸਵਾਰ ਹੋਣ ਮਗਰੋਂ ਹਿੰਦੋਸਤਾਨ ਦੇ ਵਾਲ ਘੁਟ ਕੇ ਫੜ ਲਏ । ਡਰਾਇੰਗ ਰੂਮ ਵਿਚ ਬਾਵੇ ਦੀਆਂ ਕਿਲਕਾਰੀਆਂ ਗੂੰਜਣ ਲਗੀਆਂ । ਬਾਵੇ ਦੀ ਮੰਮੀ ਦਾ ਚਿਹਰਾ ਖਿੜ ਗਿਆ । ਆਯਾ ਸਮੇਤ ਸਾਰੇ ਨੌਕਰਾਂ-ਚਾਕਰਾਂ ਨੇ ਸੁੱਖ ਦਾ ਸਾਹ ਮਹਿਸੂਸ ਕਰਿਆ । ਸਾਹਬ ਨੇ ਆਪਣੀ ਆਈ. ਏ. ਐਸ. ਬੁਧੀ ਤੇ ਮਾਣ ਕਰਦੇ ਹੋਏ ਅਫਸਰੀ ਰੋਹਬ ਨਾਲ ਆਪਣੀ ਅਰਧਾਂਗਣੀ ਵਲ ਵੇਖਿਆ ਤੇ ਫਿਰ ਨੌਕਰਾਂ ਵਲ ਵੇਖਿਆ ਤੇ ਹੁਕਮ ਦਿਤਾ ਕਿ ਇਸ ਹਿੰਦੋਸਤਾਨੀ ਨੂੰ ਖਾਣ ਲਈ ਹਰ ਰੋਜ਼ ਘਰ ਦੀ ਜੂਠ ਦਿਤੀ ਜਾਵੇ । ਅਤੇ ਜਦੋਂ ਬਾਵੇ ਨੂੰ ਉਸ ਨਾਲ ਖੇਡਣ ਦੀ ਲੋੜ ਨਾ ਹੋਵੇ ਤਾਂ ਉਸਨੂੰ ਬਾਹਰ ਬਰਾਂਡੇ ਵਿਚ ਬੰਨ੍ਹ ਦਿਤਾ ਜਾਵੇ । ਧਿਆਨ ਰਖਿਆ ਜਾਵੇ ਕਿ ਹਿੰਦੋਸਤਾਨ ਕਿਧਰੇ ਦੌੜ ਨਾ ਜਾਣੇ ।

ਇਕ ਨੌਕਰ ਨੂੰ ਭੇਜ ਕੇ ਹਿੰਦੋਸਤਾਨ ਦੇ ਗਲੇ ਦੇ ਨਾਪ ਦਾ ਪਟਾ ਅਤੇ ਜ਼ੰਜ਼ੀਰ ਮੰਗਵਾ ਲਏ ਗਏ ।

ਉਸ ਸਮੇਂ ਤੋਂ ਹੀ ਹਿੰਦੋਸਤਾਨ ਉਸੇ ਬਰਾਂਡੇ ਵਿਚ ਬੰਨ੍ਹਿਆਂ ਹੋਇਆ ਹੈ । ਸਾਹਬ ਦੇ ਘਰ ਦੀ ਜੂਠ ਖਾਂਦਾ ਹੈ ਅਤੇ ਸਾਹਬ ਦੇ ਬਾਵੇ ਦੇ ਖੇਡਣ ਦੇ ਕੰਮ ਆਉਂਦਾ ਹੈ ।

[ ਅਨੁ: ਗੁਰਦਿਆਲ ਦਲਾਲ ]

---

ਕਹਾਣੀ

## ਸਾਡੇ ਐਕੀਉ ਦਾ ਫ਼ਤਵਾ

ਲਾਲ ਸਿੰਘ

o

ਪਵਿੱਤਰ ਸਿੰਘ ਵਾਲੀਆ !

ਦਫ਼ਤਰੋਂ ਬਾਹਰ ਚਿਪਕੀ ਚਿੱਟੀ ਨੇਮ-ਪਲੇਟ ਉਤੇ ਪੰਜਾਬੀ ਦੇ ਕਾਲੇ ਅੱਖਰਾਂ ਵਿਚ ਲਿਖਿਆ ਪੂਰਾ ਨਾਂ — ਸਰਦਾਰ ਪਵਿੱਤਰ ਸਿੰਘ ਵਾਲੀਆ !!

ਦਫ਼ਤਰ ਦੇ ਖੁਲ੍ਹੇ ਦਰਵਾਜ਼ੇ ਤੇ ਲਗੀ ਚਿੱਕ, ਅਤੇ ਫ਼ਰਸ਼ ਉਤੇ ਵਿਛਿਆ ਕਸ਼ਮੀਰੀ ਗੱਦੇਦਾਰ ਕਾਲੀਨ ਡਿਸਟੈਂਪਰ ਕੀਤੇ ਕਮਰੇ ਅੰਦਰ ਤਿੰਨ ਪਾਸੇ ਚਿਟੀਆਂ ਗਾਡਰੇਜ਼ ਦੀਆਂ ਆਰਾਮ ਕੁਰਸੀਆਂ ਅਤੇ ਚੌਥੀ ਬਾਹੀ ਸਜੀ ਰੀਵਾਲਵਿੰਗ-ਚੇਅਰ ਸਾਹਮਣੇ ਕਿੰਨੇ ਸਾਰੇ ਦਰਾਜ਼ਾਂ ਵਾਲੀ ਵੱਡੀ ਸਟੀਲ ਦੀ ਮੇਜ਼, ਮੇਜ਼ ਤੇ ਵਿਛੇ ਗਰਮ ਕੰਬਲ ਤੇ ਰਖੇ ਸ਼ੀਸ਼ੇ ਤੇ ਪਈ ਤਿੰਨ ਕੋਨੀ ਪਲੇਟ ਦੇ ਇਕ ਪਾਸੇ ਹਿੰਦੀ ਵਿਚ ਲਿਖਿਆ 'ਪਵਿੱਤਰ ਐਸ ਵਾਲੀਆ' ਅਤੇ ਦੂਜੇ ਪਾਸੇ ਅੰਗਰੇਜ਼ੀ ਵਿਚ ਛਪਿਆ 'ਪੀ. ਐਸ. ਵਾਲੀਆ' ਦੀ ਹੈਡਮਾਸਟਰ ਸਾਹਿਬ ਦਾ ਹੀ ਨਾਂ ਹੈ, ਜਿਸ ਨੂੰ ਮਿਲਣ ਲਈ ਬਰਾਂਡੇ ਅੰਦਰ ਰਖੇ ਲੱਕੜ ਦੇ ਦੋ ਬੈਂਚਾਂ ਤੇ ਕਿੰਨੇ ਸਾਰੇ ਲੋਕ ਬੈਠੇ ਹਨ ।

ਟਰੀ...ਈਂ...ਈਂ, ਟਰੀ...ਈਂ...ਈਂ, ਬਰਾਂਡੇ ਦੀ ਛੱਤ ਲਾਗੇ ਲਗੀ ਘੰਟੀ ਦੀ ਆਵਾਜ਼ ਸੁਣਦਿਆਂ ਸਾਰ ਟਿਕਲਵੱਜੇ ਪਏ ਆਪਣੇ ਸਟੂਲ ਤੇ ਬੈਠਾ ਚਪੜਾਸੀ ਅੱਭੜਵਾਹਿਆ ਉਠਦਾ ਹੈ, ਜਿਵੇਂ ਨੀਂਦ ਦੀ ਵਾਦੀ ਵਲ ਤੁਰਿਆ ਤਿਲਕ ਪਿਆ ਹੋਵੇ । ਚਿੱਕ ਹਟਾ ਕੇ ਰਵਾਂ

ਹੁਣੀ ਕਮਰੇ ਅੰਦਰ ਜਾਂਦਾ ਹੈ।

'ਕਿੱਥੇ ਮਰ ਜਾਂਦੇ ਓ...ਤੁਸੀਂ ਲੋਕ...,' ਅਜ ਦੀ ਦੂਜੀ ਝਿੜਕ ਉਸ ਵਲ ਉਭਾਸਰ ਕੇ ਪੈਂਦੀ ਹੈ। ਪਹਿਲੀ ਝਿੜਕ ਸਕੂਲ ਲੱਗਣ ਤੋਂ ਅੱਧਾ ਘੰਟਾ ਪਹਿਲਾਂ, ਬਰਾਂਡਿਉਂ ਬਾਹਰ ਖੜੇ ਸਕੂਟਰ ਨੂੰ ਅੰਦਰ ਕਰਨ ਲੱਗਿਆਂ ਹੋਈ ਦੇਰੀ ਕਾਰਨ ਪਈ ਸੀ, ਜਦੋਂ ਕਿ ਸਾਹਬ ਨੂੰ ਪਖਾਨੇ ਜਾਣ ਲਈ ਪਾਣੀ ਦੀ ਬੋਤਲ ਛੇਤੀ ਬਹੁਤ ਛੇਤੀ ਚਾਹੀਦੀ ਸੀ।

ਹਫਿਆ ਹੋਇਆ ਰਣੀਆਂ ਮੂੰਹ ਥਾਣੀ ਸਾਹ ਲੈਂਦਾ, ਕੁੱਕਿਆ ਵਾਂਗ ਅੱਧਾ ਝੁਕਿਆ, ਅਗਲੇ 'ਹੁਕਮ' ਦੀ ਉਡੀਕ ਵਿਚ ਖੜਾ ਕੰਬਦਾ ਰਹਿੰਦਾ ਹੈ — ਪਤਾ ਨਹੀਂ ਗੁਸੇ ਨਾਲ, ਪਤਾ ਨਹੀਂ ਮਲੇਰੀਏ ਦੀ ਮਾਰ ਨਾਲ ਹੋਈ ਕਮਜ਼ੋਰੀ ਕਾਰਨ।

'ਹਾਅ...ਕੌਣ ਆ ਬੈਠਾ...ਤੜਕੇ ਤੜਕੇ...?

'...ਜੀਓ...ਪਤਾ ਨਹੀਂ ਕੀਤਾ...ਪੁਛਦਆ...।

'ਪਤਾ ਕਿਉਂ ਨਹੀਂ ? ...ਪਹਿਲੇ ਕਿਉਂ ਨਹੀਂ ਪੁਛਿਆ...? ਐਵੇਂ ਲੱਲੂ-ਪੰਜੂ ਨੂੰ ਬਹਾ ਰਖਦਾ, ਮੇਰੇ ਦਫ਼ਤਰ ਮੂਹਰੇ...ਚਲਾ ਦਫ਼ਾ ਹੋ ਜਾ...ਜੇ ਮੇਰੇ ਨਾਲ ਕਿਸੇ ਗਲ ਕਰਨੀ ਹੋਈ ਤਾਂ ਆਖੀਂ ਸਕੂਲ-ਟੈਮ ਤੋਂ ਬਆਦ ਆਉਣ...ਹੁਣ ਨਹੀਂ ਵੇਹਲ...।

ਰਣੀਏ ਨੂੰ ਪਈ ਇਹ ਤੀਜੀ ਝਿੜਕ ਹੈ, ਜਿਹਨਾਂ ਦੀ ਗਿਣਤੀ ਉਹ ਪਹਿਲੋਂ ਪਹਿਲ ਕਰਿਆ ਕਰਦਾ ਸੀ, ਪਰ ਹੁਣ ਆਦੀ ਜਿਹਾ ਹੋ ਗਿਆ ਹੈ। ਤਾਂ ਵੀ ਕਦੀ ਕਦੀ 'ਸਾਹਬ' ਦੇ ਕੌੜ ਦੀਆਂ ਸ਼ਕਾਇਤਾਂ ਵਰਗੀਆਂ ਗੱਲਾਂ 'ਉਹ' ਆਨੇ-ਬਹਾਨੇ ਦੂਜੇ ਅਧਿਆਪਕਾਂ ਨੂੰ ਦਸਦਾ ਵੀ ਰਹਿੰਦਾ ਹੈ, ਪਰ ਪਰਾਈ ਬਲਾ ਆਪਣੇ ਗਲ ਪਾਉਣ ਤੋਂ ਖਿਸਕਦੇ ਬਹੁਤੇ ਅਧਿਆਪਕ ਉਸਨੂੰ ਸਗੋਂ ਮਖੌਲ ਕਰਦੇ। ਕੋਈ ਆਖਦਾ — 'ਸ਼ੇਰਿਆ, ਸਵੇਰੇ ਆਲਾ ਜੋਤਾ ਨਾ ਲਾਇਆ ਕਰ, ਐਥੇ ਆ ਕੇ ਕਬੂਤਰ ਆਂਗੂ ਅੱਖਾਂ ਮੀਟਦਾ ਰਹਿਨੈ। ਕੋਈ ਕਹਿੰਦਾ ਏਦਾਂ ਦੋ ਦੋ ਤਿੰਨ ਤਿੰਨ ਕੰਮ ਹੁੰਦੇਆ, ਨਾਲੇ ਮੰਡੀ ਦੀ ਸਫ਼ਾਈ, ਨਾਲੇ ਸਕੂਲ ਦੀ ਨੌਕਰੀ, ਤੇਰੀ ਤਾਂ ਚੌਅਗੀ, ਡੁਬਣੀ ਲਗੀ ਆ ਏਥੇ ਈ, ਤਾ ਕੀ ਹੋਇਆ ਜੇ ਦੋ ਝਿੜਕਾਂ ਪੈ ਬੀ ਗਈਆਂ ਤਾਂ।

ਜੇ ਕਦੀ ਕਦਾਈਂ ਦੋ ਇਕ ਅਧਿਆਪਕ ਹੈਡ-ਮਾਸਟਰ ਕੋਲ ਚੌਥੇ ਦਰਜੇ ਦੇ ਕਰਮਚਾਰੀਆਂ ਦਾ 'ਧਿਆਨ' ਰਖਣ ਦੀ ਫਰਮਾਇਸ਼ ਕਰਨ ਜਾਂਦੇ ਵੀ ਤਾਂ ਹੈਡਮਾਸਟਰ ਮੂੰਹ-ਜ਼ਬਾਨੀ ਹੀ ਉਹਨਾਂ ਦਾ ਘਰ ਪੂਰਾ ਕਰ ਛੱਡਦਾ। ਕਿਸੇ ਨੂੰ ਆਖਦਾ — ਗਿਆਨੀ ਜੀ, ਇਹ ਜਾਤ ਈ ਜੁਤੀ ਹੇਠ ਰਖਣ ਦੀ ਐ। ਕਿਸੇ ਨੂੰ ਕਹਿੰਦਾ — ਘੁੰਮਣ ਸਾਹਬ ਏਨਾਂ ਸਾਲਿਆਂ ਰੀਜਰਵੇਸ਼ਨ ਨਾਲ ਸਾਡੀ ਢਿੰਮਬਰੀ ਟੈਟ ਕਰ ਦਿਤੀ ਆ। ਕਦੀ ਕਹਿੰਦਾ — ਸ਼ਰਮਾ ਜੀ, ਇਹ ਸੋਹਰੇ ਗੰਦ ਢੋਂਦੇ ਸਾਡੇ ਸਿਰ ਤੇ ਆ ਬੈਠੇ ਆ, ਮਾੜਾ ਜਿਹਾ ਕੰਮ ਆਖੋ, ਅਗੋਂ ਸੌ ਸੌ ਚੱਡਮ ਕਰਦੇ ਆ... ਉਂਞ ਤੁਸੀਂ ਕਹਿੰਦੇ ਓ ਤਾਂ...ਤਾਂ ਠੀਕ ਆ।

ਉਂਞ ਤੁਸੀਂ ਕਹਿੰਦੇ ਓ...ਦੇ ਉੱਤਰ ਨੂੰ ਸਫਲ ਹੋਈ ਗੱਲਬਾਤ ਗਰਦਾਨ ਕੇ ਦਫ਼ਤਰੋਂ ਨਿਕਲਦੇ ਅਧਿ-ਆਪਕਾਂ ਦਾ ਦਿਤਾ ਦਿਲਾਸਾ, ਰਣੀਏ ਨੂੰ ਕੋਰਾ ਝੂਠ ਜਾਪਦਾ, ਜਦੋਂ ਅਗਲੇ ਹੀ ਪਲ, ਹੈਡਮਾਸਟਰ ਹੱਥ ਫੜਿਆ ਚਾਰ-ਫੁਟਰ ਬੈਂਤ, ਦੋ ਮਿੰਟਾਂ ਦੀ ਛੁਟੀ ਲੈ ਕੇ ਕਲਾਸੋਂ ਬਾਹਰ ਆਏ ਬੱਚਿਆਂ ਦੀਆਂ ਪਿੱਠਾਂ ਤੇ ਵਰ੍ਹ ਰਿਹਾ ਹੁੰਦਾ ਅਤੇ ਕਲਾਸਾਂ ਅੰਦਰ ਅਧਿਆਪਕਾਂ ਹਥੀਂ ਫੜੇ ਵਖੋ-ਵਖ ਕਿਸਮਾਂ ਦੇ ਡੰਡੇ ਆਪਣੇ ਜੌਹਰ ਦਿਖਾ ਰਹੇ ਹੁੰਦੇ। 'ਕਸੂਰਵਾਰ' ਬੱਚਿਆ ਦਿਆਂ ਹੱਥਾਂ ਅਤੇ ਪਿੰਡਿਆਂ ਤੇ ਵਰ੍ਹਦੇ ਡੰਡਿਆ ਨਾਲ ਪੈਂਦੀਆਂ ਲਾਸਾਂ ਦੀ ਮੌਨਚੀਸ ਉਸ ਨੂੰ ਪਿਛਲੇ ਸਿਆਲ ਥਾਣੇ ਅੰਦਰ ਨੰਗੇ ਪਿੰਡੇ ਹੰਢਾਈ ਰਾਤ ਨੂੰ ਵਰ੍ਹਦੇ ਬੈਂਤਾਂ ਅਤੇ ਠੁਡਿਆਂ ਦੇ ਦਰਦ ਦੀ ਹਮਸਾਇਆ ਜਾਪਦੀ। ਉਸ ਵੇਲੇ ਅਟਾਰੀ ਬਾਜ਼ਾਰ ਦੀ ਚੌਂਕੀਦਾਰੀ ਕਰਦਿਆਂ, ਸ਼ੇਰ ਕਪੜੇ ਦੀ ਦੁਕਾਨ ਵਿਚ ਲਗੀ ਚੋਰੀ ਅੰਦਰ ਭਾਈਵਾਲ ਹੋਣ ਬਾਰੇ ਪਏ ਸ਼ੱਕ ਨੂੰ ਸੱਚ ਸਿੱਧ ਕਰਨ ਲਈ ਪੁਲੀਸ ਵਲੋਂ ਪੂਰਾ ਵਰ੍ਹਾਂ ਪਹਿਲਾਂ ਕੀਤਾ ਗਿਆ 'ਯਤਨ' ਰਣੀਏ ਨੂੰ ਅਜੇ ਕਲ੍ਹ ਵਾਪਰੀ ਘਟਨਾ ਜਾਪਦੀ ਹੈ।

'ਲੈ...ਪਈ ਅਗੇ ਤੋਂ ਤੈਨੂੰ ਕੁਝ ਨਹੀਂ ਆਹਦਾ ਸ਼ਾਹਬ' ਵਰਗਾ ਧਰਵਾਸ, ਉਸ ਨੂੰ ਸੇਠ ਮੁਨੀ ਲਾਲ ਦੀ ਦਿਤੀ ਢਾਰਸ ਵਰਗਾ ਹੀ ਜਾਪਦਾ ਹੈ, ਜਦੋਂ ਦੂਜੇ ਦਿਨ ਸ਼ਾਮੀ ਥਾਣੇ ਪਹੁੰਚ ਕੇ ਸੇਠ ਨੇ ਉਸ ਨੂੰ ਆਖਿਆ ਸੀ — "ਰਣੀਆਂ, ਤੈਨੂੰ ਤਾਂ ਸ਼ੱਕ ਮੁਜਬ ਈ ਐਥੇ ਥਿਆਂਦਾ, ਉਞੇ ਅਹਾਂ ਨੂੰ ਤੇਰੇ ਤੇ ਪੱਕਾ ਯਕੀਨ ਨੇ, ...ਮੈਂ ਵੱਡੇ ਠਾਣੇਦਾਰ ਨੂੰ ਆਖਿਓਸ, ਤੈਨੂੰ ਨਹੀਂ ਕੁਸ ਕੈਂਦਾ ਹੁਣ।" ਪੂਰੇ ਛੱਤੀ ਘੰਟਿਆਂ ਤੋਂ ਭੁਖ-ਨਿਭਾਣੇ ਅੰਦਰ ਡਕੇ ਰਣੀਏ ਦੇ ਲਹੂ ਵਗਦੇ ਦੰਦਾਂ 'ਚੋਂ ਨਿਕਲੇ ਦੋ ਸ਼ਬਦਾਂ 'ਹਰਾਮਜ਼ਾਦਾ-ਮਕਰਾ' ਨੇ ਉਸਦੀ ਪਹਿਲੀ ਰੋਜ਼ੀ ਖੁਆ ਦਿਤੀ ਸੀ ਏਸੇ ਲਈ ਛੇ ਮਹੀਨੇ ਕਈਆਂ ਮਗਰ ਫਿਰ ਕੇ ਲੱਭੀ ਪ੍ਰਾਈਵੇਟ ਸਕੂਲ ਦੇ ਚਪੜਾਸੀ ਪੁਣੇ ਦੀ ਨੌਕਰੀ ਬਚਾਈ ਰੱਖਣ ਲਈ, ਹੁਣ ਉਹ ਅੰਦਰੋਂ ਉੱਠੇ ਉਬਾਲ ਨੂੰ ਅੱਧੇ ਕੁ ਬਚਦੇ ਦੰਦਾਂ ਨਾਲ ਚਿੱਥ ਚਿੱਥ ਕੇ ਬਾਹਰ ਕੱਢਦਾ ਹੈ। ਆਪਣੇ ਤੋਂ ਪਹਿਲਾਂ ਤਿੰਨਾਂ ਦੀ ਹੋ ਚੁੱਕੀ ਛਾਂਟੀ ਦੀ ਜਾਣਕਾਰੀ ਹੋਣ ਕਰਕੇ ਉਸ ਨੇ ਸੁਭਾ ਅਨੁਸਾਰ ਮੂੰਹ ਆਈ ਪੂਰੀ ਗਲ ਕਹਿਣੋ, ਭਾਵੇਂ ਕਈ ਵਾਰ ਡੱਕੀ ਰੱਖੀ ਹੈ, ਪਰ ਇਹ ਜ਼ਰੂਰ ਆਖ ਦਿੰਦਾ ਰਿਹਾ ਹੈ—

ਛੋਟੇ ਸਾਹਬ ਜੀ, ਖੂਹ ਅੰਦਰ ਜਿੰਦਾਂ ਦੀ ਵਾਜ ਦਿਓ, ਉਦਾਂ ਦੀ ਸੁਨਣੀ ਵੀ ਪੈਂਦੀ ਆ...ਅਗਿਉਂ...!

ਅਜ ਵੀ ਦਫ਼ਤਰ ਅੰਦਰ ਖਿਲਰੀ ਕੁਤੱਤਣ, ਭਾਵੇਂ ਬਾਹਰ ਬੈਠੇ ਲੋਕਾਂ ਤਕ ਪਹੁੰਚ ਗਈ ਹੈ, ਪਰ ਉਹਨਾਂ ਦੇ ਪਿੜ ਪੱਲੇ ਕੁਝ ਨਹੀਂ ਪਿਆ। ਰਣੀਏ ਨੇ ਬਾਹਰ ਆ ਕੇ ਲਕੜ ਦੇ ਬੈਂਚਾਂ ਤੇ ਕੀੜੀਆਂ ਦੇ ਭੌਣ ਵਾਂਗ ਭੁਰ-ਮਟ ਬਣੇ, ਕਮਰਿਆਂ ਅੰਦਰ ਦੜੇ, ਵਿਦਿਆ ਪ੍ਰਾਪਤ ਕਰਨ ਆਏ ਬੱਚਿਆਂ ਦੇ ਵਾਰਸਾਂ ਤੋਂ ਸਕੂਲ ਆਉਣੇ ਦਾ ਜਾਣਿਆ ਪਛਾਣਿਆ ਸਬੱਬ ਪੁਛਿਆ ਹੈ। ਕਈਆਂ ਦਿਨਾਂ ਤੋਂ ਮੁੜ ਮੁੜ ਦੁਹਰਾਏ ਜਾਂਦੇ, ਹਰੀਜਨ ਵਜ਼ੀਫ਼ੇ ਦੀ ਚੌਥਾ ਹਿੱਸਾ ਹੋਈ ਕਾਟ ਦਾ ਵਾਕ, ਵੱਖ-ਵੱਖ ਰੰਗ-ਢੰਗ ਦੀ ਬਣਤਰ ਵਾਲੇ ਚੇਹਰਿਆਂ ਤੇ ਇਕੋ ਜਿਹਾ ਪ੍ਰਸ਼ਨ ਬਣ ਕੇ ਛਾ ਜਾਂਦਾ ਹੈ।

"ਕਲ੍ਹ ਨੂੰ ਆਇਓ...ਅਜ ਵੱਡਿਆਂ ਸਾਹਬਾਂ ਦੀ ਮੀਂਗਟ ਆ, ਮੈਂ ਆਪ ਥੁਆਡੀ ਥਾਂ ਗਲ ਕਰੋ ਉਨਾਂ ਨਾ...।" ਰਣੀਏ ਵਲੋਂ ਵਿਸ਼ਵਾਸ਼ ਆਸਰੇ, ਉਹ ਸਾਰੇ ਜਣੇ ਇਕੱਠੇ ਹੀ ਉੱਠ ਕੇ ਚਲੇ ਗਏ ਹਨ। ਸਹਿਮੀ ਜਿਹੀ ਘੁਸਰ-ਮੁਸਰ ਪਿਛੋਂ ਪਵਿੱਤਰ ਸਿੰਘ ਵਾਲੀਏ ਦੇ ਦਫਤਰ ਅਗੇ ਬਰਾਂਡੇ ਅੰਦਰ ਪਏ ਲਕੜ ਦੇ ਦੋ ਬੈਂਚ ਤਾਂ ਪਿਛਲੇ ਕਈ ਦਿਨਾਂ ਦੀ ਤਰ੍ਹਾਂ ਅਜ ਫਿਰ ਖਾਲੀ ਹੋ ਗਏ ਹਨ, ਪਰ ਦਫ਼ਤਰ ਅੰਦਰ ਚਿਟੀਆਂ ਗਾਡਰੇਜ ਦੀਆਂ ਆਰਾਮ ਕੁਰਸੀਆਂ ਇਕੜ-ਦੁਕੜ ਆਉਂਦੇ 'ਵੱਡੇ ਸਾਬ੍ਹ' ਨਾਲ ਭਰਦੀਆਂ ਗਈਆਂ ਹਨ। ਕਾਲੇ ਭੂੰਡ ਦੇ ਲਗੇ ਡੰਗ ਜਿੰਨਾਂ ਬੇਚੈਨ ਹੋਇਆ ਰਣੀਆਂ, ਬਿਨਾਂ ਝਿਜਕ ਤੁਰੇ ਆਉਂਦੇ ਹਰ 'ਸਾਬ੍ਹ' ਨੂੰ ਆਪ ਚਿੱਕ ਟਟਾ ਕੇ ਅੰਦਰ ਲੰਘਾਉਂਦਾ ਹੈ ਅਤੇ ਬਿਨਾਂ ਪੁਛੇ ਪਾਣੀ ਦਾ ਗਲਾਸ ਆਏ ਬੰਦੇ ਵਲ ਵਧਾਉਂਦਾ ਗਿਆ ਹੈ।

ਹੁਣ ਤਕ ਆਏ ਸਾਰੇ ਬਾਰਾਂ ਵਿਅਕਤੀਆਂ ਵਿਚੋਂ ਕੁਰਤਾ ਪਜਾਮਾ ਪਾਈ ਤੁਰਲੇਵਾਲੀ ਮੋਤੀਆ-ਰੰਗੀ ਪਗੜੀ ਵਾਲੇ ਕੇਵਲ ਇਕ ਜਣੇ ਨੇ ਹੀ ਰਣੀਏ ਨੂੰ ਉਸਦੀ ਅਤੇ ਉਸਦੇ ਘਰ ਦੀ ਸੁਖ-ਸਾਂਦ ਪੁਛੀ ਹੈ। ਕੁਝ ਇਕ ਨੇ ਉਹਦੀ ਵਲ ਸਰਸਰੀ ਦੇਖਿਆ ਹੈ, ਪਰਤੂ ਚਾਰ-ਪੰਜਾਂ ਨੇ ਬਹੁ-ਚੜ੍ਹੇ ਦੁਧੱਲ-ਪਸ਼ੂਆਂ ਦੀ ਤਰ੍ਹਾਂ, ਉਸ ਤੋਂ ਪਾਣੀ ਦਾ ਗਲਾਸ ਫੜਿਆ ਅਤੇ ਡੀਕ ਲਾ ਕੇ ਪੀਂਦਿਆ ਆਪਣੀ ਗਲ-ਬਾਤ ਚਾਲੂ ਰਖੀਂ ਹੈ।

ਪਾਣੀ ਪਿਲਾ ਕੇ ਰਣੀਆਂ ਅਜੇ ਮੁੜ ਆਪਣੀ ਥਾਂ ਤੇ ਬੈਠਾ ਹੀ ਹੈ ਕਿ ਫਿਰ ਟਰੀ...ਈਂ...ਈਂ ਦੇ ਜ਼ਜ਼ਲੇ ਨੇ ਉਹਦੀ ਧਰਤੀ ਹਿਲਾ ਦਿਤੀ ਹੈ। ਕਾਹਲੀ ਨਾਲ ਉੱਠਦਾ, ਡੋਲਦਾ ਡੋਲਦਾ, ਉਹ ਦਰਵਾਜ਼ੇ ਦੀ ਚੁਗਾਠ ਨੂੰ ਫੜ੍ਹ ਕੇ ਸੰਭਲਦਾ, ਮੁੜ ਅੰਦਰ ਚਲਾ ਜਾਂਦਾ ਹੈ। ਹੈਡਮਾਸਟਰ ਨੇ ਮੇਜ਼ ਤੇ ਪਈ 'ਆਡਰ-ਬੁਕ' ਤੇ ਚੜ੍ਹਿਆ 'ਹੁਕਮ' ਅਧਿਆਪਕਾਂ ਨੂੰ ਨੋਟ ਕਰਾਉਣ ਲਈ ਇਸ਼ਾਰਾ ਕੀਤਾ ਹੈ ਬੜੀ ਸਾਵਧਾਨੀ ਨਾਲ ਰਣੀਏ ਨੇ ਖੁਲ੍ਹੇ ਰਜਿਸਟਰ ਨੂੰ ਸੰਭਾਲ ਕੇ ਫੜਦਿਆਂ ਅਜੇ ਇਕ ਹੀ ਕਦਮ ਬਾਹਰ ਵਲ ਪੁਟਿਆ ਕਿ ਟਰੀਂ...ਈਂ...ਈਂ ਦੀ ਆਵਾਜ਼ ਨੇ ਉਸਦੇ ਕਦਮਾਂ ਨੂੰ ਜਕੜ ਲਿਆ ਹੈ।

"...ਓਏ ਚਾਹ ਲਿਆ ਅਤੇ ਕੁਛ ਖਾਣ ਨੂੰ ਵੀ..." ਹੈਡਮਾਸਟਰ ਨੇ ਫਾਈਲਾਂ ਅੰਦਰ ਧੱਸੇ ਮੂੰਹ ਵਿਚੋਂ ਹੀ ਹੁਕਮ ਦਿਤਾ ਹੈ। 'ਓਪਰੇ' ਬੰਦੇ ਬੈਠੇ ਹੋਣ ਕਰਕੇ ਸਹਿਮੇ ਹੋਏ ਰਣੀਏ ਨੇ ਇਹ ਵੀ ਨਹੀਂ ਦਸਿਆ ਕਿ ਤਿੰਨਾਂ ਦੁਕਾਨਾਂ ਨੇ ਪਿਛਲੇ ਪੈਸੇ ਨਾਂਹ ਦੇਣ ਕਾਰਨ ਕਈਆਂ ਦਿਨਾਂ ਤੋਂ ਚਾਹ ਨਹੀਂ ਸੀ ਦਿਤੀ ਅਤੇ ਕਈਆਂ ਦਿਨਾਂ ਤੋਂ ਉਹ ਹੈਡ ਦੀ ਚਾਹ ਆਪਣੇ ਹੀ ਉਧਾਰ ਖਾਤੇ 'ਤੋਂ' ਲਿਆਉਂਦਾ ਰਿਹਾ ਹੈ।

ਦੋਨਾਂ ਹੱਥਾਂ ਨਾਲ ਸਾਂਭੀ 'ਆਡਰ-ਬੁਕ' ਸਣੇ ਰਣੀਆ ਸਟਾਫ਼ ਰੂਮ ਵਿਚ ਪਹੁੰਚਿਆ ਹੈ। ਅੱਧੀ ਛੁੱਟੀ ਹੋਣ ਵਿਚ ਭਾਵੇਂ ਹਾਲੀਂ ਕੁਸ ਮਿੰਟ ਬਾਕੀ ਹਨ, ਪਰ ਪੰਜਾਂ ਮਹੀਨਿਆਂ ਦੀ ਬਕਾਇਆ ਤਨਖ਼ਾਹ ਸੰਬੰਧੀ ਇਕੱਤਰ ਹੋਏ ਸਾਰੇ ਅਧਿਆਪਕ ਉਸਨੂੰ ਸਟਾਫ਼ ਰੂਮ ਵਿਚ ਹੀ ਮਿਲ ਗਏ ਹਨ।

ਸਾਲਾਨਾਂ ਨਤੀਜਿਆਂ ਦੀ ਘੱਟ ਪਾਸ ਪ੍ਰਤੀਸ਼ਤ ਕਾਰਨ ਮਿਲੇ 'ਕਾਰਨ-ਦਸੋ' ਨੋਟਿਸਾਂ ਦੇ ਜਵਾਬ ਲੈਣ ਲਈ ਜੁੜੀ ਸੰਤ ਬਾਬਾ ਭੂਮ ਸਿੰਘ ਹਾਈ ਸਕੂਲ ਦੀ ਪ੍ਰਬੰਧਕੀ ਕਮੇਟੀ ਦੀ ਹੋਣ ਵਾਲੀ ਇਕਤੱਰਤਾ ਕਰਕੇ, ਬੱਚਿਆ ਨੂੰ ਅੱਧੀ ਛੁੱਟੀ ਕਰਨ ਦੇ ਹੁਕਮ ਨੂੰ ਨੋਟ ਕਰਦਿਆ, ਸਾਰੇ ਅਧਿਆਪਕਾਂ ਦੇ ਚਿਹਰਿਆ ਤੇ ਰਣੀਏ ਦੇ ਚਿਹਰੇ ਵਰਗੀ ਉਦਾਸੀ, ਪਲ ਦੋ ਪਲ ਲਈ ਛਾ ਗਈ ਹੈ। ਵੈਰਾਨ ਖੂਹ ਦੀ ਡੂੰਘਾਈ ਵਿਚ ਉੱਤਰੀ ਆਵਾਜ਼ ਜਿੰਨੇ ਮੱਧਮ ਬੋਲਾਂ ਨਾਲ ਪ੍ਰਧਾਨ ਨੇ ਦੂਜੇ ਅਧਿਆਪਕਾਂ ਤੋਂ ਪੁਛਿਆ ਹੈ – ਹੁਣ ਕਿਵੇਂ ਕਰਨਾ... ਮਿਤਰੋ ?

ਥੋੜਾ ਸਮਾਂ ਚੁਪ ਰਹਿਣ ਪਿਛੋਂ ਵੱਖ-ਵੱਖ ਰਾਵਾਂ ਵਿਚਾਰ – ਗੋਚਰੀ ਆਉਣ ਲਗੀਆਂ ਹਨ।

'ਸਾਨੂੰ ਫਰਲਿਆਂ ਦਾ ਜਵਾਬ ਨਹੀਂ ਦੇਣਾ ਚਾਹੀਦਾ' – ਇਕ ਆਵਾਜ਼ ਹੈ।

'ਕੁਝ ਨਾ ਕੁਝ ਤਾਂ ਉੱਤਰ ਦੇਣਾਂ ਈ ਬਣਦਾ ਏ' – ਦੂਜੀ ਰਾਏ ਹੈ।

'ਛੇ ਛੇ ਮਹੀਨੇ ਬਿਨਾਂ ਤਨਖਾਹੋਂ ਪੜਾ ਕੇ 'ਗਰਲ' ਦੀ 'ਗਿਰਲ ਹੀ ਬਣਦੀ ਐ' – ਇਕ ਹੋਰ ਹਿਰਖ ਛਾਂਟਿਆ ਗਿਆ ਹੈ।

'ਓਨ ਕੋ ਬੋਲੋ...ਜੈਸਾਦਾਮ, ਵੈਸਾਕਾਮ' – ਵੀ ਇਕ ਗਿਲਾ ਹੈ।

ਅੰਦਰ ਦੱਬਿਆ ਗੁਬਾਰ ਗਿਲੇ-ਸ਼ਿਕਵਿਆਂ-ਟਕੋਰਾਂ ਰਾਹੀਂ ਬਾਹਰ ਕੱਢ ਕੇ, ਸਾਰੇ ਅਧਿਆਪਕਾਂ ਨੇ ਗਲ ਕਿਸੇ ਸਿਰੇ ਲਾਉਣ ਦੇ ਸੁਝਾ ਵਜੋਂ ਇਹ ਫੈਸਲਾ ਕੀਤਾ ਹੈ ਕਿ ਪ੍ਰਬੰਧਕੀ-ਕਮੇਟੀ ਸਾਹਮਣੇ ਇਕੱਲੇ-ਇਕੱਲੇ ਨਹੀਂ ਸਗੋਂ ਇਕੱਠੇ ਪੇਸ਼ ਹੋਇਆ ਜਾਵੇ, ਅਤੇ ਏਥੇ ਆਖੀਆਂ ਸਾਰੀਆਂ ਗੱਲਾਂ ਕਮੇਟੀ ਸਾਹਮਣੇ ਵੀ ਕੀਤੀਆਂ ਜਾਣ ।

ਆਰਡਰ ਨੋਟ ਕਰਵਾ ਕੇ ਰਣੀਟੇ ਦੇ ਵਾਪਸ ਜਾਣ ਤੋਂ ਲੈ ਕੇ ਪੰਜਾਬੀ ਅਧਿਆਪਕ ਨੂੰ ਬੁਲਾਏ ਜਾਣ ਤੱਕ, ਇਕੱਠੇ ਪੇਸ਼ ਹੋਣ ਦੇ ਫੈਸਲੇ ਨੂੰ ਲਾਗੂ ਕਰਨ ਲਈ ਉੱਠਣ ਲਗਿਆਂ ਇਵੇਂ ਢਿੱਲ ਵਰਤ ਗਈ ਹੈ, ਜਿਵੇਂ ਜਿਵੇਂ ਸਾਰੇ ਅਧਿਆਪਕਾਂ ਦੇ ਗੋਡਿਆਂ ਦੇ ਕਬਜ਼ਿਆਂ ਵਿਚੋਂ ਪੇਚ ਨਿਕਲ ਗਏ ਹੋਣ । ਅੰਦਰੋਂ ਆਏ ਸਦੇ ਦੇ, ਹੁਕਮ ਦੀ ਪਾਲਣਾ ਕਰਨ ਲਈ ਪੰਜਾਬੀ ਅਧਿਆਪਕ ਅਗੇ ਹੋ ਤੁਰਦਾ ਹੈ ਅਤੇ ਬੱਧੇ-ਰੁਧੇ ਬਾਕੀ ਉਸ ਦੇ ਪਿਛੇ ਪਿਛੇ ।

ਦਫ਼ਤਰ ਅੰਦਰ ਪਈਆਂ ਕੁਰਸੀਆਂ ਉਤੇ ਬੈਠੇ ਪ੍ਰਬੰਧਕੀ-ਕਮੇਟੀ ਦੇ ਮੈਂਬਰਾਂ ਵਿਚਕਾਰ ਪੰਜ-ਚਾਰ ਖਾਲੀ ਕੁਰਸੀਆਂ ਤੇ ਬੈਠਣ ਲਈ ਨਾ ਉਹਨਾਂ ਨੂੰ ਕਿਸੇ ਨੇ ਆਖਿਆ ਹੈ ਅਤੇ ਨਾਹ ਹੀ ਚਾਰ-ਪੰਜਾਂ ਨੇ ਬੈਠਣਾ ਠੀਕ ਸਮਝਿਆ ਹੈ ।

ਕਬਰਸਤਾਨ ਵਰਗੀ ਛਾਈ ਚੁਪ ਨੂੰ ਪਵਿਤਰ ਸਿੰਘ ਵਾਲੀਏ ਦੇ ਘੰਗੂਰੇ ਨੇ ਤੋੜ ਕੇ, ਬਿਨਾਂ ਕਿਸੇ ਦਾ ਨਾਂ ਲਿਆ ਪੁਛਿਆ ਹੈ – ਸਾਰੇ ਕਿਉਂ ਆਏ ਓ... ਸਦਿਆ ਤਾਂ ਕੱਲੇ ਗਿਆਨੀ ਨੂੰ ਸੀ...?

ਪ੍ਰਬੰਧਕ-ਕਮੇਟੀ ਦੇ ਬਹੁਤੇ ਮੈਂਬਰਾਂ ਨੇ ਹੱਥਾਂ ਵਿਚ ਫੜੇ ਕਾਗਜ਼-ਪੱਤਰਾਂ ਤੋਂ ਧਿਆਨ ਹਟਾ ਕੇ, ਛਾਂਗੇ ਹੋਏ ਬੂਟਿਆਂ ਦੀ ਤਰ੍ਹਾਂ ਖੜੇ ਅਧਿਆਪਕਾਂ ਵਲ ਸਰਸਰੀ ਨਿਗਾਹ ਮਾਰੀ ਹੈ । ਮੋਤੀਏ ਰੰਗੀ ਤੁਰਲੇ ਵਾਲੀ ਪਗੜੀ ਵੰਨੀ ਕੁੜਤੇ-ਪਜਾਮੇਂ ਵਾਲੇ ਮੈਂਬਰ ਨੇ ਬੜੇ ਸਨੇਹ ਨਾਲ ਸਾਰਿਆਂ ਵਲ ਨਿਗਾਹ ਘੁਮਾ ਕੇ ਪੁਛਿਆ – ਕਿਉਂ ਬਈ ਦੋਸਤੋ, ਤੁਹਾਡੀ ਰਾਏ ਵਿਚ ਮਾੜੇ ਨਤੀਜਿਆ ਦਾ ਕੀ ਕਾਰਨ ਹੈ ? ਨਿਸ਼ੰਗ ਹੋ ਕੇ ਦਸੋ । ਹੋਰ ਕੋਈ ਸ਼ਿਕਵਾ ਹੈ ਸਾਡੇ ਤੇ ਤਾਂ ਵੀ ਕਹੋ ?

"ਹਾਂ......ਹਾਂ, ਕੋਈ ਗਲ ਹੈ ਤਾਂ ਜ਼ਰੂਰ ਦਸਣੀ ਚਾਹੀਦੀ ਹੈ" – ਨਜ਼ਰ ਦੀਆਂ ਐਨਕਾਂ ਲਾਈ ਢਿਲਕਵੀਂ ਪਗੜੀ ਵਾਲੇ ਇਕ ਬਜ਼ੁਰਗ ਨੇ ਮੋਤੀਏ ਰੰਗੀ-ਤੁਰਲੇ ਵਾਲੀ ਪਗੜੀ ਵਾਲੇ ਕਮੇਟੀ ਮੈਂਬਰ ਦੇ ਆਖੇ ਦਾ ਸਮਰਥਨ ਕੀਤਾ ਹੈ ।

ਏਨੇ ਚਿਰ ਤਕ ਸਾਰੇ ਅਧਿਆਪਕਾਂ ਦੇ ਚਿਹਰਿਆਂ ਤੋਂ ਡਰ ਦੇ ਪ੍ਰਭਾਵ ਰਫੂ-ਚੱਕਰ ਹੋ ਗਏ ਜਾਪਦੇ ਹਨ । ਇਕੱਠਿਆਂ ਹੀ ਸਾਰਿਆਂ ਨੇ ਪੰਜ ਮਹੀਨਿਆਂ ਤੋਂ ਤਨਖ਼ਾਹ ਨਾਂਹ ਮਿਲਣ ਦਾ ਗਿਲਾ ਕੀਤਾ ਹੈ । ਸਰਕਾਰੀ ਸਕੂਲਾਂ ਦੀ ਛਾਂਟ, ਪ੍ਰਾਈਵੇਟ ਸਕੂਲ ਵਿਚ ਦਾਖਲ ਕਰਨ ਕਰਕੇ ਘਟ ਆਈ ਪ੍ਰਤੀਸ਼ਤ ਨੂੰ ਵੱਡਾ ਕਰਨ ਗਰਦਾਨਿਆ ਹੈ । ਪਰ ਇਹ ਕਿਸੇ ਨੇ ਨਹੀਂ ਆਖਿਆ ਕਿ ਇਸ ਵਾਰ ਇਮਤਿਹਾਨੀ ਸਟਾਫ਼ ਲਈ ਇਕੱਠਾ ਕੀਤਾ ਫ਼ੰਡ "ਠੀਕ ਢੰਗ ਨਾਲ ਨਾਂਹ ਵਰਤ ਹੋਣ ਕਾਰਨ, 'ਉਹਨਾਂ' ਨੂੰ ਪੂਰੀ ਤਰ੍ਹਾਂ 'ਖੁਸ਼' ਨਹੀਂ ਰਖਿਆ ਜਾ ਸਕਿਆ ਅਤੇ ਪਰਚੇ ਦੇਂਦੀਆਂ ਜਮਾਤਾਂ ਦੀ 'ਖੁਲ੍ਹ' ਕੇ ਸਹਾਇਤਾ ਨਹੀਂ ਸੀ ਹੋ ਸਕੀ ।

ਇਕੱਠੇ ਹੋ ਕੇ ਦਫ਼ਤਰ ਅੰਦਰ ਆਏ ਅਧਿਆਪਕਾਂ ਦੇ ਰੋਹ ਭਰੇ ਹੌਸਲੇ ਨੂੰ ਦੇਖਦਿਆਂ, ਪਵਿਤਰ ਸਿੰਘ ਸਿੰਘ ਵਾਲੀਏ ਸਮੇਤ, ਕਿਸੇ ਕਮੇਟੀ ਮੈਂਬਰ ਨੇ ਵੀ 'ਕਾਰਨ-ਦਸੋ' ਨੋਟਿਸਾਂ ਦੀ ਚਰਚਾ ਨਹੀਂ ਛੇੜੀ ਪਰ ਉਹਨਾਂ ਦੇ ਚਲੇ ਜਾਣ ਪਿਛੋਂ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਵਿਚਕਾਰ ਇਸ ਵਿਸ਼ੇ ਤੇ ਬਹੁਤ ਤੂੰ ਤੂੰ ਮੈਂ ਮੈਂ ਹੋਈ ਹੈ । ਬਾਰਾਂ ਵਿਚੋਂ ਦਸਾਂ ਨੇ ਘਟ ਪ੍ਰਤੀਸ਼ਤ ਨਤੀਜਿਆਂ ਕਾਰਨ ਸਾਲਾਨਾ ਤਰੱਕੀ ਰੋਕਣ ਦੀ ਸਜ਼ਾ ਦੇਣ ਦੀ ਜ਼ਿੱਦ ਕੀਤੀ ਹੈ, ਪਰ ਕੁਰਤੇ ਪਜਾਮਾ ਪਾਈ ਤੁਰਲੇ ਵਾਲੀ ਮੋਤੀਆ ਰੰਗੀ ਪਗੜੀ ਵਾਲੇ ਅਤੇ ਨਜ਼ਰਦੀਆਂ ਐਨਕਾਂ ਲਾਈ ਢਿਲਕਵੀਂ ਚਿੱਟੀ ਪੱਗ ਵਾਲੇ ਬਜ਼ੁਰਗ ਨੇ ਉਹਨਾਂ ਦਾ ਡੱਟ ਕੇ ਵਿਰੋਧ ਕੀਤਾ ਹੈ ।

ਭਰ-ਗਰਮੀਆਂ ਦੀ ਢਲਦੀ-ਦੁਪੈਰ ਨੂੰ ਛੱਤਣ ਤੇ ਲਗੇ ਪੱਖੇ ਦੇ ਪੂਰੀ ਗਤੀ ਨਾਲ ਚੁਲਦਿਆਂ ਵੀ, ਦੋਨਾਂ ਟੋਲੀਆਂ ਨੂੰ ਪਸੀਨੇ ਇਵੇਂ ਆ ਰਹੇ ਹਨ ਜਿਵੇਂ ਸਿਖਰ ਦੁਪੈਰ ਕੈਹੀ ਵਾਹਉਂਦੇ ਦਿਹਾੜੀਦਾਰ ਕਾਮਿਆਂ ਨੂੰ ।

ਚਾਵੇਂ ਤਿੰਨਾਂ ਘੰਟਿਆਂ ਦੀ ਬਹਿਸ ਪਿਛੋਂ ਮਾਮਲਾ ਅਧ-ਵਿਚਾਲੇ ਛੱਡ ਕੇ ਕਮੇਟੀ ਖਿੱਲਰ ਗਈ ਹੈ, ਪਰ ਬਾਕੀਆਂ ਦੇ ਚਲੇ ਜਾਣ ਪਿਛੋਂ ਆਪਣੀ ਥਾਂ ਟਿਕੇ ਚਾਰ ਮੈਂਬਰਾਂ ਨੇ ਆਪਣੀਆਂ ਹੈਟਾਂ ਵਰਗੀਆਂ ਪੋਚਵੀਆਂ ਪੱਗਾਂ ਲਾਹ ਕੇ ਹੈਡਮਾਸਟਰ ਦੀ ਮੇਜ਼ ਤੇ ਰਖ ਦਿਤੀਆਂ ਹਨ । ਹਲਕੇ ਹਲਕੇ ਰੰਗਾਂ ਦੀਆਂ ਕੀਮਤੀ ਕਮੀਜ਼ਾਂ ਲਾਹ ਕੇ ਕੁਰਸੀਆਂ ਦੀਆਂ ਢੋਆਂ ਨਾਲ ਲਿਟਕਾ ਦਿਤੀਆਂ ਹਨ । ਫਿਸਕੋ ਨਾਲ ਘੁਟ ਕੇ ਚਿਪਕਾਈ ਦਾਹੜੀ ਅਤੇ ਕਿੱਲਾਂ ਵਰਗੀਆਂ ਤਿੱਖੀਆਂ ਕੀਤੀਆਂ ਮੁਛਾਂ ਵਾਲੇ ਇਕ ਮੈਂਬਰ ਨੇ ਖੱਬੀ ਬਗਲੇ ਲਟਕਦਾ ਪਸਤੌਲ ਲਾਹ ਕੇ ਦਫ਼ਤਰ ਦੇ ਕੋਨੇ ਪਏ ਤੌਲੀਆ-ਸਟੈਂਡ ਨਾਲ ਲਟਕਾ ਦਿਤਾ ਹੈ । ਸਾਹਮਣੀ ਪਾਲ ਚੋਂ ਖਿੱਚੀਆਂ ਕੁਰਸੀਆਂ ਤੇ ਰੱਖੇ ਪੈਰਾਂ ਨੂੰ ਹੋਰ ਸਰਕਾ ਕੇ ਚਾਰੇ ਜਣੇ ਅਧ-ਲੇਟੀ ਮੁਦਰਾ ਵਿਚ ਹੋ ਗਏ ਹਨ ।

ਮੇਜ਼ ਦੀ ਇਕ ਦਰਾਜ਼ 'ਚੋਂ ਪਵਿਤਰ ਸਿੰਘ

ਵਾਲੀਏ ਨੇ 'ਖਜੂਰ ਮਾਰਕਾ' ਦੋ ਨੋਟ ਕੱਢ ਕੇ, ਦੋ ਡਿਪਲੋਮੇਟ, ਤਿੰਨ ਕਿਲੋ ਮੱਛੀ, ਚਾਰ ਕਿਲੋ ਸੇਬ, 10 ਸੋਡਾ ਲਿਆਉਣ ਲਈ ਰਣੀਏ ਨੂੰ ਆਖ ਕੇ, ਆਪ ਸਕੂਲ ਸੰਬੰਧੀ ਖਾਸ ਵਿਚਾਰ ਗੋਚਰੀ ਗੱਲਾਂ ਦੀ ਚਰਚਾ ਛੇੜੀ ਹੈ।

ਹਰੀਜਨ ਵਜ਼ੀਫੇ ਦੀ ਬਕਾਇਆ ਆਈ ਡੇਢ ਲੱਖ ਦੀ ਗਰਾਂਟ 'ਚੋਂ ਚੋਥਾ ਹਿੱਸਾ ਕੱਟ ਕੇ ਵੰਡਣ ਨਾਲ ਬੱਚਦੇ ਪੈਸਿਆਂ ਨੂੰ 'ਸਾਂਭਣ' ਦੀ ਯੋਜਨਾ ਵਿਚਾਰ ਅਧੀਨ ਹੈ। ਪਰ ਫੰਡ ਵਜੋਂ ਉਗਰਾਏ ਅੱਠ ਅੱਠ ਰੁਪਏ ਨਾਲ ਬਣਦੀ ਕੁਲ ਇਕਾਹਟ ਸੌ ਦੀ ਰਾਸ਼ੀ ਵਿਚੋਂ ਵੀ ਸਾਢੇ ਚਾਰ ਹਜ਼ਾਰ ਦੀ 'ਸੇਵਿੰਗ' ਹੈ। 'ਸਫ਼ਲਤਾ ਦੀਆਂ ਕੁੰਜੀਆਂ' ਵਾਲੀ ਕੰਪਨੀ ਨੇ 'ਭੇਂਟ' ਕੀਤਾ ਟੈਲੀਵੀਜ਼ਨ ਵੀ ਵਾਲੀਆ ਸਾਹਿਬ ਕੋਲ 'ਇਮਾਨਤ' ਹੈ। ਸਾਲ ਦੇ ਸ਼ੁਰੂ ਵਿਚ ਉਗਰਾਏ ਵਾਧੂ ਫੰਡਾਂ ਨਾਲ ਬਣਦੀ ਕੁਲ ਛਿਆਨਵੇ ਸੌ ਦੀ ਰਕਮ ਵੀ ਚਰਚਾ ਗੋਚਰੇ ਆਈ ਹੈ। ਇਹਨਾਂ ਤੋਂ ਉਪਰੰਤ ਸੱਤ ਸੌ ਬੱਚਿਆ ਵਾਲੇ ਸਕੂਲ ਦੇ ਹਰ ਮਹੀਨੇ ਆਉਂਦੇ ਲਗ ਭਗ ਦੋ ਹਜ਼ਾਰ ਦੇ ਸਕੂਲ ਫੰਡਾਂ ਤੇ ਵੀ 'ਉਹਨਾਂ ਦਾ ਹੀ ਕਬਜ਼ਾ ਹੈ।

ਇੰਝ ਕੁਲ ਮਿਲਾ ਕੇ ਬਣਦੀ ਪੰਜਾਹ-ਪਚਵੰਜਾ ਹਜ਼ਾਰ ਦੀ ਰਾਸ਼ੀ ਬਾਰੇ ਚਲਦੀ ਵਾਰਤਾ ਲਾਪ ਅੰਦਰ ਰਣੀਏ ਦੇ ਸਮੱਗਰੀ ਲੈ ਕੇ ਮੁੜ ਆਉਣ ਤਕ, ਉਹਨਾਂ ਵਿਚਕਾਰ ਕਿਸੇ ਪਰਕਾਰ ਦੀ ਤਲਖੀ ਨਹੀਂ ਆਈ, ਸਗੋਂ ਚਾਰੇ ਜਣੇ ਹੈਡਮਾਸਟਰ ਨੂੰ ਪੂਰਨ ਸਾਵਧਾਨੀ ਨਾਲ ਚੱਲਣ ਦੀਆਂ ਨਸੀਅਤਾਂ ਕਰ ਰਹੇ ਹਨ। ਮੋਢੇ ਨਾਲ ਲਟਕਾਏ ਥੈਲੇ ਵਿਚਲਾ ਸਮਾਨ ਮੇਜ ਤੇ ਰੱਖ ਕੇ ਰਣੀਏ ਨੇ ਦਫ਼ਤਰ ਅੰਦਰਲੀ ਸ਼ੀਸ਼ੇ ਦੀ ਅਲਮਾਰੀ 'ਚੋਂ ਸ਼ੀਸ਼ੇ ਦੇ ਪੰਜ ਗਲਾਸ ਕੱਢ ਕੇ ਧੋਤੇ ਹਨ। ਕਮਰੇ ਅੰਦਰ ਹੁਣੇ ਹੁਣੇ ਵਰਤੀ ਚੁਪ ਨੂੰ ਇੰਟਰਨੈਸ਼ਨਲ ਹੋਟਲ ਦੇ ਮਾਲਕ ਅਤੇ ਸਕੂਲ ਕਮੇਟੀ ਦੇ ਮੈਨੇਜਰ 'ਧੀਰ ਸਾਬ੍ਹ' ਦੇ ਡਾਟ ਤੋੜਨ ਨਾਲ ਉੱਠੀ ਕੜਿਕ...ਕਰਿਕ ਦੀ ਆਵਾਜ਼ ਨੇ ਤੋੜਿਆ ਹੈ।

ਪੰਜਾਂ ਗਲਾਸਾਂ ਦਿਆਂ ਬੁਲਾਂ ਨੇ ਪਹਿਲੀ ਬੋਤਲ ਦੀਆਂ ਧਾਰਾਂ ਨੂੰ ਕੇਵਲ ਦੋ-ਦੋ ਵਾਰ ਹੀ ਚੁੰਮਿਆ, ਇਸ ਗੱਲ ਦਾ ਪਤਾ ਬਾਹਰ ਬੈਠੇ ਰਣੀਏ ਨੂੰ ਅੰਦਰਲੀ ਖ਼ਿੜਕ ਰੱਖਣ ਕਰਨ ਹੈ, ਪਰ ਤੂੰ ਦਫ਼ਤਰ ਅੰਦਰ ਚਲਦੀਆਂ ਗੱਲਾਂ ਦੀ ਤੇਜ਼ ਧਾਰਾ ਨਾਲ ਉਹ ਬਹੁਤਾ ਸਮਾਂ ਆਪਣੇ ਆਪ ਨੂੰ ਮੋਚ ਨਹੀਂ ਰਖ ਸਕਿਆ ਹੈ। ਸੂਰਜ ਚੜ੍ਹਨੇ ਤੋਂ ਪਹਿਲਾਂ ਦੀਆਂ ਚੱੜੀਆਂ ਚਾਰ ਸੁਕ-ਬਰੁਚੀਆਂ ਮਨੀਆਂ ਹੁਣ ਉਸ ਦੇ ਅੰਦਰ ਦੇ ਕਿਸੇ ਕੋਨੇ ਵੀ ਨਹੀਂ ਰੜਕਦੀਆਂ। ਦੁਪੈਰਾਂ ਵੇਲੇ ਪੀਤਾ ਚਾਹ ਦਾ ਇਕ ਕੱਪ ਵੀ ਉਸ ਦੇ ਢਾਂਚੇ ਦੀ ਰਸਾਤਲ ਤਕ ਉਤਰ ਗਿਆ ਜਾਪਦਾ ਹੈ। ਭੁਖ ਨਾਲ ਕੁੜਕਦੀਆਂ ਆਂਦਰਾਂ ਅੰਦਰ ਬੀੜੀਆਂ ਦਾ ਧੂਆਂ ਭਰਨਾਵੀ ਉਸ ਲਈ ਸਕੂਲ ਦੀਆਂ ਹੱਦਾਂ ਅੰਦਰ ਸਖ਼ਤ ਵਰਜਿੱਤ ਹੈ। ਲਾਚਾਰ ਜਿਹਾ ਹੋ ਕੇ, ਉਹ ਆਪਣੇ ਸਟੂਲ ਤੋਂ ਉਠ ਕੇ ਕੋਲ ਪਏ ਲਕੜ ਦੇ ਬੈਂਚ ਤੇ ਲੇਟਣ ਹੀ ਲਗਦਾ ਹੈ ਕਿ ਟਰੀਂ...ਈਂ... ਈਂ...ਈਂ... ਦੀ ਆਵਾਜ਼ ਨੇ ਉਸ ਨੂੰ ਮੁੜ ਸਾਵਧਾਨ ਰਹਿਣ ਲਈ ਆਖ ਦਿਤਾ ਹੈ।

ਰਣੀਏ ਨੇ ਅੰਦਰ ਜਾ ਕੇ ਦਫ਼ਤਰ ਦੇ ਹੁਲੀਏ ਦੀ ਦੀ ਤਰ੍ਹਾਂ ਹੀ ਪੰਜਾਂ ਦੇ ਵਿਗੜੇ ਹੋਏ ਹੁਲੀਏ ਦੇਖੇ ਹਨ। ਪਾਣੀ ਪਲਾਣ ਲਗਿਆ ਜਿਸ ਨੂੰ ਉਸ ਬੱਤਰਾ ਸਾਬ੍ਹ-ਪ੍ਰਧਾਨ' ਕਰਕੇ ਜਾਣਿਆ ਸੀ, ਸਾਬਤ ਸੇਬਾਂ ਨੂੰ ਦੰਦੀਆਂ ਵੱਢਦਾ ਉਹ, ਉਸ ਨੂੰ 'ਬੱਕਰਾ ਸਾਬ੍ਹ' ਜਾਪ ਰਿਹਾ ਹੈ। ਅੰਗੀਠੀ ਤੇ ਰਖੀ ਦੂਜੀ ਬੋਤਲ ਫੜਾਉਣ ਗਿਆ, ਕਪਤਾਨ ਸੋਢੀ ਸਾਹਿਬ ਨੂੰ ਸਾਰੇ ਵਿਦਿਅਕ-ਮਾਹਿਰ' ਆਖ ਕੇ ਹੱਸੇ ਸਨ, ਹੁਣ 'ਦਾਨ-ਫੰਡ' ਵਿਚੋਂ ਅਧਿਆਪਕਾਂ ਦੀ ਪੰਜ ਮਹੀਨੇ ਦੀ ਤਨਖ਼ਾਹ ਨਾਂਹ ਦੇਣ ਲਈ ਅੜਿਆ ਖੜੋਤਾ, ਰਣੀਏ ਨੂੰ 'ਟੁੰਡੀ ਸਾਬ੍ਹ' ਦਿਸ ਰਿਹਾ ਹੈ। ਪਵਿਤਰ ਸਿੰਘ ਵਾਲੀਏ ਦੀ ਖੁੱਬੀ ਪੱਗ ਦਾ ਉਪਰਲਾ ਲੜ ਖੁਲ੍ਹ ਕੇ ਉਸ ਦੇ ਖੱਬੇ ਮੋਢੇ ਤੇ ਲਟਕਦਾ ਦੇਖ ਕੇ ਰਣੀਏ ਨੂੰ ਆਪਣੇ ਹੈਡਮਾਸਟਰ ਭੇਡਾਂ ਮਗਰ ਘੁੰਮਦਾ ਆਜੜੀ ਲੱਗ ਰਿਹਾ ਹੈ।

ਰਣੀਏ ਨੂੰ ਕਿਸ ਲਈ ਅੰਦਰ ਬੁਲਾਇਆ ਗਿਆ, ਕਿਸੇ ਨੂੰ ਵੀ ਕੁਝ ਯਾਦ ਨਹੀਂ ਹੈ। ਇਕ ਅਧ ਵਾਰ ਆਲ-ਇੰਡੀਆ ਟਰਾਂਸਪੋਰਟ ਦੇ ਮਾਲਿਕ ਤੇ ਸਕੂਲ ਕਮੇਟੀ ਦੇ ਸਕੱਤਰ ਨੇ ਉਸ ਵਲ ਦੇਖਿਆ ਹੈ, ਪਰ ਕਿਹਾ ਕੁਝ ਨਹੀਂ। ਸਭ ਆਪਣੀ-ਆਪਣੀ ਬੋਲੀ ਅੰਦਰ ਮਸਤ ਹਨ।

"...ਹੱਭ...ਦੌੜ...ਗੇ..." ਬੱਤਰਾ ਕਹਿੰਦਾ ਹੈ।

"ਭੱਜੇ......ਗੀ, ਗਾਈ," ਸੋਢੀ ਦਾ ਨਵੀਂ ਰਖੀ ਅਧਿਆਪਕਾਂ ਵਲ ਇਸ਼ਾਰਾ ਹੈ।

"......ਚਲ... ਭੈਂ...ਚੋਂ.. ਗੰਦੀਆ...ਗੱਲਾਂ...... ਕਰਦਾ" ਧੀਰ ਉਸ ਨੂੰ ਤਾੜਨਾ ਕਰਦਾ ਹੈ।

"ਕੋਈ...ਸੁਆਦ ਗੱਲ ਕਰੋ ਉਏ...ਸੂਰੋ," ਅਣਖੀ ਹਾਲੀ ਵੀ ਸੁਰਤ ਸਿਰ ਹੈ। "...ਚਾਰ ਦਿਨ ਆਹ ਖੇਹ ਨਾਂਹ ਖਾਉਂ ਤਾਂ ਵੀਹ ਮਾਹਟਰਾਂ ਦੀ ਤਨਖ਼ਾਹ ਬਣ ਜੇ ਪੰਜਾਂ ਮਹੀਨਿਆਂ ਦੀ..."

"ਗਲ ਅਣਖੀ ਨੇ ਬੜੇ ਏ...ਈ...ਕਾਮ...ਦੀ... ਆਖੀ...ਆ," ਚੁਪ ਬੈਠੇ ਹੈਡਮਾਸਟਰ ਵਾਲੀਏ ਨੇ ਵੀ ਹੁੰਗਾਰਾ ਭਰਿਆ ਹੈ।

"ਨਾਈਂ... ਈਂ... ਵਾਲ... ਫਾਂਡ 'ਚੋਂ ਕੋਈ... ਤਨਖ਼ਾਹ ਤੰਨਖੂਹ ਨੀ...ਕਿਉਂ...ਸੋਅਢੀ ?"

"ਹੂੰ...ਉਂ...ਬੱਤਰਾ ਠੀਕ ਬੰਦਾ...," ਸੋਢੀ ਨੇ ਸਿਰ ਹਿਲਾਇਆ ਹੈ।

"ਦੇਣੀ ਚਾਹਦੀ ਐ..." ਅਣਖੀ ਤੇ ਧੀਰ ਇਕੱਠੇ ਬੋਲ ਪਏ ਹਨ।

"ਤੇਰਿਆ...ਕੋਈ...ਅਮਦਾ...ਵਾਲੀਏ...," ਬੱਤਰੇ ਨੇ ਵਾਲੀਏ ਤੋਂ ਪੁਛਿਆ ਹੈ।

ਪਿਛਲੇ ਸਾਲੇ ਏਸੇ ਫੰਡ 'ਚੋਂ ਸਕੂਲ ਦੀ ਗਰਾਊਂਡ ਬਣਾਉਣ ਲਈ ਖਰੀਦੇ ਦੋ ਖੇਤਾਂ ਦੀ ਰਜਿਸਟਰੀ ਆਪਣੇ ਨਾਂ ਕਰਵਾਈ ਹੋਣ ਕਰਕੇ ਪਵਿਤਰ ਸਿੰਘ ਵਾਲੀਆ ਵੀ 'ਦਾਨ-ਫੰਡ' ਵਿਚੋਂ ਤਨਖ਼ਾਹ ਨਾਂਹ ਦੇਣ ਵਾਲਿਆਂ ਨਾਲ ਹੀ ਹੈ। ਉਸ ਨੇ ਨਾਂਹ ਵਿਚ ਸਿਰ ਮਾਰਿਆ ਤਾਂ ਢਿੱਲੇ ਬੁਲ੍ਹਾਂ 'ਚੋਂ ਚੋਂਦੀਆਂ ਦੋ ਲਾਲਾਂ ਮੇਜ਼ ਦੇ ਸ਼ੀਸ਼ੇ ਤੇ ਡਿਗ ਕੇ ਖਿੱਲਰ ਗਈਆਂ ਹਨ।

"...ਏਨਾਂ ..ਦੀਆਂ...ਆਂ...ਤੀਨ ਵੋਟਾਂ ਆ... ਬਈ, ਜੀਤੇ, ਅਸੀਂ ਹਾਰੇ," ਦਾ ਫੈਸਲਾ ਕਰਕੇ ਇਕ ਦੂਜੇ ਦੀਆਂ ਕਮੀਜ਼ਾਂ ਚੁਕੀ ਜਦੋਂ ਸਾਰੇ ਦਫ਼ਤਰੋਂ ਬਾਹਰ ਨਿਕਲੇ ਹਨ, ਤਾਂ ਚੌਹਾਂ ਦੇ ਮੂੰਹਾਂ 'ਚੋਂ, "ਆਜਰਾ, ਵੋਟਾਂ ਦਾ ਆ ਪਈ, ਵੋਟਾਂ.....ਦਾ" ਦਾ ਵਾਕ ਅਕਾਰਨ ਨਿਕਲ ਕੇ ਇਕ ਦੂਜੇ ਵਿਚ ਵੱਜ ਰਿਹਾ ਹੈ। ਬਾਹਰਲੇ ਗੇਟ ਵਲ ਤੁਰੇ ਜਾਂਦੇ ਪੰਜਾਂ ਦੀਆਂ ਗੱਦਰਾਈਆਂ ਪਿੱਠਾਂ ਵਲ ਦੇਖਦੇ ਰਣੀਏ ਨੇ, ਭੁਖੀਆਂ ਆਂਦਰਾਂ ਤੇ ਹੰਢਾਏ ਸੱਚ ਜਿੱਡਾ ਫ਼ਤਵਾ ਸੰਤ ਬਾਬਾ ਬੂਰਾ ਹਾਈ ਸਕੂਲ ਦੇ ਪ੍ਰਬੰਧਕਾਂ ਨੂੰ ਦਿਤਾ ਹੈ – ਰਾਜ਼ ਵੋਟਾਂ ਦਾ ਨਹੀਂ, ਨੋਟਾਂ ਦਾ ਰਾਜ ਐ, ਬੁਚੜੋ, ਨੋਟਾਂ ਦਾ।

---

ਇਕਾਂਗੀ ੦

# ਮੰਤਰੀ ਰੁਝੇ ਹੋਏ ਹਨ

੦

## ਚਰਨਜੀਤ ਚੰਨੀ

– ਪਾਤਰ –

| | |
|---|---|
| ਅਸਿਸਟੈਂਟ | 35 ਸਾਲ |
| ਸਟੈਨੋ (ਲੜਕੀ) | 20 ਸਾਲ |
| ਚਪੜਾਸੀ | 25 ਸਾਲ |
| ਬਜ਼ੁਰਗ | 60 ਸਾਲ |
| ਲਾਲ ਕਮੀਜ਼ ਵਾਲਾ | 25 ਸਾਲ |
| ਕੇਸਰੀ ਕਮੀਜ਼ ਵਾਲਾ | 28 ਸਾਲ |
| ਵਪਾਰੀ | 45 ਸਾਲ |
| ਪੱਤਰਕਾਰ (ਲੜਕੀ) | 25 ਸਾਲ |
| ਸਫ਼ੈਦ ਕਮੀਜ਼ ਵਾਲਾ | 40 ਸਾਲ |

[ ਰਾਜਧਾਨੀ ਦੇ ਸਕੱਤਰੇਤ ਦੀ ਬਿਲਡਿੰਗ ਦੀ ਪਹਿਲੀ ਮੰਜ਼ਿਲ ਦਾ ਘਰਾਲਾ ਵਰਾਂਡਾ ਦੁਪਹਿਰ ਦੇ ਡੇਢ ਵਜ ਰਹੇ ਹਨ ਰੀਸੈੱਸ ਦਾ ਵਕਤ ਹੈ। ]

ਸਟੈਨੋ – (ਅਸਿਸਟੈਂਟ ਦੇ ਮੋਢੇ ਉਤੇ ਹੱਥ ਧਰ ਕੇ, ਪਿਆਰ ਨਾਲ) ਅਜ ਤਾਂ ਸਾਹਿਬ ਬੜੇ ਉਦਾਸ ਦਿਖਾਈ ਦੇ ਰਹੇ ਹੋ।

ਅਸਿਸਟੈਂਟ – (ਸਿਰ ਹਿਲਾਂਦਾ ਹੋਇਆ) ਉਦਾਸ ਵੀ, ਤੇ ਦੁਖੀ ਵੀ।

ਸਟੈਨੋ – ਉਦਾਸ ਬੰਦਾ ਹੀ ਦੁਖੀ ਹੁੰਦਾ ਹੈ।

ਅਸਿਸਟੈਂਟ – ਜ਼ਰੂਰੀ ਨਹੀਂ ਉਦਾਸੀ ਵਿਚ ਬੰਦਾ ਦੁਖੀ ਹੋਵੇ। ਕਈ ਵਾਰ ਉਦਾਸੀ ਅਨੰਦ ਮਈ ਵੀ ਹੁੰਦੀ ਹੈ।

ਸਟੈਨੋ – ਪਰ ਅਜ... (ਰੁਕਦੀ ਹੈ) ਤੁਹਾਡੀ ਉਦਾਸੀ ਅਨੰਦ ਮਈ ਨਹੀਂ।

ਅਸਿਸਟੈਂਟ – ਤੂੰ ਕੀ ਕੁਝ ਪੁਛੇਂਗੀ ਮੇਰੇ ਕੋਲੋਂ।

ਸਟੈਨੋ – ਜੋ ਦਿਲ ਕਰੇਗਾ।

ਅਸਿਸਟੈਂਟ – ਤੈਨੂੰ ਆਪਣੇ ਦਿਲ 'ਤੇ ਕੰਟਰੋਲ ਕਰਨਾ ਪਵੇਗਾ (ਹੇਠਾਂ ਵਲ ਇਸ਼ਾਰਾ ਕਰਕੇ) ਔਹ! ਹੇਠਾਂ ਖੜੇ ਲੋਕਾਂ ਦੀ ਤਰ੍ਹਾਂ। ਜਾਣਦੀ ਹੈਂ, ਇਹਨਾਂ ਦੇ ਸਬਰ ਦਾ ਪਿਆਲਾ ਭਰ ਚੁਕਾ ਹੈ, ਤੇ ਹੁਣ ਇਹ ਹੋਰ ਉਡੀਕ ਨਹੀਂ...

ਸਟੈਨੋ – (ਟੋਕ ਕੇ) ਤੇ ਮੇਰੇ ਸਬਰ ਦੇ ਪਿਆਲੇ ਦਾ ਕੀ ਬਣੇਗਾ। (ਲਾਡ ਨਾਲ) ਤੁਸੀਂ ਨਹੀਂ ਜਾਣਦੇ ਮੇਰੇ ਸਬਰ ਦਾ ਪਿਆਲਾ ਨੱਕੋ-ਨੱਕ ਭਰ ਚੁਕਾ ਹੈਐ

ਅਸਿਸਟੈਂਟ – ਤੂੰ ਹਾਲੇ ਇਥੇ ਨਵੀਂ ਨਵੀਂ ਆਈ ਹੈਂ। ਹਾਲੇ ਤੇਰਾ ਮੌਸਮ ਨਿੱਤ ਨਵੀਆਂ ਸਾੜ੍ਹੀਆਂ ਬਦਲਣ ਦਾ ਹੈ। ਅਜੇ ਤੂੰ ਸੁਰਖ਼ੀ-ਪਾਊਡਰ ਤੇ ਬਿੰਦੀ ਦੀ ਕਿਲਮਿਲ ਵਿਚ ਡੁੱਬੀ ਪਈ ਹੈਂ। ਥੋੜਾ ਚਿਰ ਠਹਿਰ ਜਾ। ਆਟੇ ਲੂਣ ਦਾ ਫ਼ਿਕਰ ਤਪਦਿਕ ਦੇ ਰੋਗ ਤੋਂ ਵੀ ਭੈੜਾ ਐ। ਔਹ! ਹੇਠਾਂ ਵਲ ਵੇਖ ਲੋਕਾਂ ਦੀ ਭੀੜ ਨੂੰ। ਲੱਭ ਸਕਦੀ ਹੈਂ, ਇਹਨਾਂ ਵਿਚੋਂ ਕੋਈ ਇਕ ਹਸਮੁੱਖ ਚਿਹਰਾ...

ਸਟੈਨੋ – ਤੁਸੀਂ ਤਾਂ ਸਚਮੁਚ ਉਦਾਸ ਹੋ ਗਏ ਹੋ। (ਰੁਕ ਕੇ) ਅਜ ਮੌਸਮ ਤਾਂ ਦੇਖੋ।

ਅਸਿਸਟੈਂਟ – ਇਹੋ ਜਿਹਾ ਮੌਸਮ ਮੈਂ ਪਿਛਲੇ ਵੀਹਾਂ ਸਾਲਾਂ ਤੋਂ ਲਗਾਤਾਰ ਵੇਖਦਾ ਆ ਰਿਹਾ ਹਾਂ। ਇਹ ਬੱਦਲ ਮੁੱਦਤਾਂ ਤੋਂ ਇਸੇ ਤਰ੍ਹਾਂ, ਇਹਨਾਂ ਪਹਾੜਾਂ ਤੋਂ

ਲੱਥਦੇ ਹਨ, ਤੇ ਮੈਦਾਨਾਂ 'ਚ ਆਹਿਸਤਾ ਆਹਿਸਤਾ ਤੈਰਨ ਲੱਗਦੇ ਹਨ। ਉਹਨਾਂ ਦੂਰ ਪਹਾੜੀਆਂ ਤੋਂ ਸ਼ੁਰੂ ਤੋਂ ਬਰਫ਼ ਪਿਘਲ ਰਹੀ ਹੈ। ਤੇ ਔਹ! ਸਾਹਮਣੀ ਝੀਲ ਤੇ, ਹਰ ਤਰ੍ਹਾਂ ਦੇ ਪਰਵਾਸੀ ਪੰਛੀ ਇਸੇ ਮੌਸਮ ਵਿਚ ਇਥੇ ਆਉਂਦੇ ਹਨ, ਤੇ ਮੌਸਮ ਬਦਲ ਜਾਣ ਤੇ ਇਸ ਝੀਲ ਤੋਂ ਉਡਾਰੀ ਮਾਰ ਦਿੰਦੇ ਹਨ। ਇਥੇ ਹਰ ਤਰ੍ਹਾਂ ਦਾ ਮੌਸਮ ਆਉਂਦਾ ਹੈ, ਤੇ ਚਲਾ ਜਾਂਦਾ ਹੈ। ਪਰ (ਸਿਰ ਹਿਲਾ ਕੇ ਲੰਮੀ ਦਾੜ੍ਹੀ ਵਿਚ ਉਂਗਲਾਂ ਫਸਾਉਂਦਾ ਹੋਇਆ) ਮੇਰੇ ਤੇ ਪਿਛਲੇ ਵੀਹਾਂ ਸਾਲਾਂ ਤੋਂ ਇਕੋ ਮੌਸਮ ਰਿਹਾ ਹੈ। ਸਿਰਫ਼ ਇਕੋ ਮੌਸਮ।

ਸਟੈਨੋ — ਇਸ ਦਾ ਮਤਲਬ ਤੁਹਾਨੂੰ ਬਾਕੀ ਮੌਸਮਾਂ ਨਾਲ ਨਫ਼ਰਤ ਹੈ, ਜਾਂ ਫੇਰ ਚੰਗੇ ਨਹੀਂ ਲੱਗਦੇ।

ਅਸਿਸਟੈਂਟ — ਇਹ ਮੈਂ ਕਦੋਂ ਕਿਹੈ। ਮੇਰੇ ਵਾਂਗ ਉਨ੍ਹਾਂ ਹੇਠਾਂ ਖੜੇ ਲੋਕਾਂ ਦੀ ਖ਼ੂਬਸੂਰਤ ਜ਼ਿੰਦਗੀ ਨੂੰ ਇਕੋ ਮੌਸਮ ਨੇ ਬਦਸੂਰਤ ਬਣਾ ਦਿਤਾ ਹੈ, ਜਾਣਦੀ ਹੈਂ ਇਹ ਕਿਹੜਾ ਮੌਸਮ ਹੈ। (ਰੁਕ ਕੇ) ਇਹ ਮੌਸਮ ਹੈ, ਭੁੱਖ ਦਾ, ਨੰਗ ਦਾ।

ਸਟੈਨੋ — ਇਹਨਾਂ ਲੋਕਾਂ ਦਾ ਫ਼ਿਕਰ ਐ ਤੁਹਾਨੂੰ।

ਅਸਿਸਟੈਂਟ — ਤੂੰ ਬਿਲਕੁਲ ਠੀਕ ਕਿਹੈ। ਜਦੋਂ ਤੋਂ ਇਹ ਅਸਮਾਨ ਛੋਂਹਦੀ ਇਮਾਰਤ ਬਣੀ ਹੈ, ਉਦੋਂ ਤੋਂ ਮੈਂ ਇਸ ਵਿਚ ਕੈਦ ਹਾਂ, ਤੇ ਇਹਨਾਂ ਵਿਚਾਰਿਆਂ ਦੀ ਜ਼ਿੰਦਗੀ ਦੇ ਮਰ ਰਹੇ ਇਕ ਇਕ ਪਲ ਨੂੰ ਵੇਖ ਰਿਹਾ ਹਾਂ।

ਸਟੈਨੋ — ਇਤਨੀ ਸੁੰਦਰ ਇਮਾਰਤ ਵਿਚ ਤੁਸੀਂ ਆਪਣੇ ਆਪ ਨੂੰ ਕੈਦੀ ਸਮਝਦੇ ਹੋ?

ਅਸਿਸਟੈਂਟ — ਹਾਂ, ਕੈਦੀ। ਪਰ ਕਿਸੇ ਨੌਜਵਾਨ ਲੜਕੀ ਦੀਆਂ ਨਾਜ਼ਕ ਬਾਹਾਂ ਦਾ ਨਹੀਂ; ਜਾਂ ਕਿਸੇ ਹੁਸੀਨ ਔਰਤ ਦੀਆਂ ਨੀਲੀਆਂ ਝੀਲ ਵਾਂਗ ਡੂੰਘੀਆਂ ਅੱਖਾਂ ਦਾ, ਸਗੋਂ ਵਕਤ ਦੀ ਬੇ-ਰਹਿਮ ਉਚੀ ਦੀਵਾਰ ਦਾ।

ਸਟੈਨੋ — ਇਸ ਦਾ ਮਤਲਬ ਤੁਹਾਨੂੰ ਇਸ ਇਮਾਰਤ ਦੀ ਚਹਿਲ-ਪਹਿਲ ਰੌਣਕ, ਦਫ਼ਤਰਾਂ ਦੇ ਰੰਗੀਨ ਪਰਦੇ, ਕੁਝ ਵੀ ਖਿੱਚ ਨਹੀਂ।

ਅਸਿਸਟੈਂਟ — ਕਿਸੇ ਬਦੇਸ਼ੀ ਕਲਾਕਾਰ ਦਾ ਸੁਪਨਾ ਸਾਡੀ ਇਸ ਧਰਤੀ ਤੇ ਇਕ ਅਜੀਬ ਸ਼ਹਿਰ ਤਾਂ ਬਣ ਗਿਆ, ਪਰ ਇਹ ਸ਼ਹਿਰ ਅਜ ਤਕ ਸਾਡੇ ਪਿੰਡਾਂ ਦੀ ਜ਼ਿੰਦਗੀ ਦਾ ਹੁਸੀਨ ਸੁਪਨਾ ਨਹੀਂ ਬਣ ਸਕਿਆ। ਜਦੋਂ ਵੀ ਅੱਧੇ ਘੰਟੇ ਦੀ ਰੀਸੈਸ ਹੁੰਦੀ ਹੈ, ਤਾਂ ਮੈਂ ਇਸ ਜੰਗਲੇ ਨਾਲ ਆ ਖੜਦਾ ਹਾਂ। ਜੋ ਕਿਸੇ ਆਸ ਵਿਚ ਲੋਕੀਂ ਇਥੇ ਆਉਂਦੇ ਹਨ, ਉਦਾਸ ਤੇ ਦੁਖੀ, ਇਥੋਂ ਆਪਣੇ ਪਿੰਡਾਂ ਨੂੰ ਪਰਤ ਜਾਂਦੇ ਹਨ। ਉਧਾਰ ਵਿਚ ਫੜੇ ਰੁਪੈ ਇਥੇ ਆ ਕੇ ਪਤਾ ਨਹੀਂ ਲੱਗਦਾ ਕਦੋਂ ਤੇ ਕਿਵੇਂ ਖ਼ਤਮ ਹੋ ਜਾਂਦੇ ਹਨ। ਇਥੇ ਸਿਰਫ਼ ਧਨਾਢਾਂ ਦੇ ਕੰਮ ਹੁੰਦੇ ਹਨ। ਪੈਸੇ ਵਾਲੇ ਦੀ ਸਿਫ਼ਾਰਸ਼ ਚਲਦੀ ਹੈ। ਪਰ ਇਹ! ਹੇਠਾਂ ਖੜੇ ਗ਼ਰੀਬ ਲੋਕਾਂ ਦੀਆਂ ਜੇਬਾਂ ਵਿਚ ਚੰਦਰੀ ਕਿਸਮਤ ਹੈ, ਜਿਸ ਉਤੇ ਇਹ ਰੱਬ ਵਰਗਾ ਭਰੋਸਾ ਕਰੀ ਬੈਠੇ ਹਨ।

ਸਟੈਨੋ — ਇਹੋ ਜਿਹੇ ਸ਼ਾਨਦਾਰ ਮੌਸਮ ਵਿਚ ਤੁਸੀਂ ਕਿਹੋ ਜਿਹੀਆਂ ਗੱਲਾਂ ਕਰਨ ਲੱਗ ਪਏ ਹੋ। ਚੰਗਾ ਹੋਵੇ ਜੇ ਆਪਾਂ ਸ਼ਾਮ ਨੂੰ ਝੀਲ ਤੇ ਜਾ ਕੇ ਕਿਸ਼ਤੀ ਦੀ ਸੈਰ ਕਰੀਏ। ਸੈਰ ਕਰਦੇ ਕਰਦੇ ਦੂਰ ਨਿਕਲ ਜਾਈਏ, ਦੁਨੀਆਂ ਦੇ ਹਰ ਝੰਜਟ ਤੋਂ ਦੂਰ।

ਅਸਿਸਟੈਂਟ — ਕੋਈ ਬੰਦਾ ਕਿੰਨਾ ਕੁ ਚਿਰ ਆਪਣੇ ਆਪ ਨੂੰ ਧੋਖਾ ਦੇ ਸਕਦਾ ਹੈ।

ਸਟੈਨੋ — ਜਿਥੋਂ ਤਕ ਹੋਵੇ, ਬੰਦਾ ਅਜ ਦੀ ਅਜ ਜੀਵੇ। ਹੁਣ ਦੀ ਹੁਣ।

ਅਸਿਸਟੈਂਟ — ਜਿਨ੍ਹਾਂ ਦਾ 'ਹੁਣ' ਤੇ 'ਅਜ' ਸਭ ਕੁਝ ਲੁੱਟ ਚੁਕਿਆ ਹੋਵੇ।

ਸਟੈਨੋ — ਉਹਨਾਂ ਨੂੰ ਮਾਰੋ ਗੋਲੀ। ਜਿਨ੍ਹਾਂ ਕੋਲ ਨਾ ਅਜ ਰਿਹਾ, ਤੇ ਨਾ ਹੁਣ ਬਚਿਆ।

ਅਸਿਸਟੈਂਟ — ਇਸ ਬਿਲਡਿੰਗ ਵਿਚ ਇਕ ਨਹੀਂ ਅਨੇਕਾਂ ਹਨ ਜਿਨ੍ਹਾਂ ਦਾ ਰੰਗੀਨ ਅਜ ਇਹਨਾਂ ਫ਼ਾਈਲਾਂ ਵਿਚ ਦੱਬ ਕੇ ਸਦਾ ਲਈ ਦੰਮ ਤੋੜ ਗਿਆ। ਸਾਡੇ ਦੇਸ਼ ਵਿਚ ਹਜ਼ਾਰਾਂ ਨਹੀਂ, ਲੱਖਾਂ ਅਜਿਹੇ ਕਲਰਕ ਹਨ, ਜਿਹੜੇ ਸੰਨ ਸੰਤਾਲੀ ਤੋਂ ਬਾਅਦ ਅਜ ਤਕ ਹੱਸੇ ਤਕ ਨਹੀਂ। ਕਿਸੇ ਵਡੀ ਫ਼ਾਈਲ ਦਾ ਇਕ ਅਣ-ਪਛਾਤਾ ਕਾਗਜ਼ ਬਣ ਕੇ ਸਦਾ ਲਈ ਰੁਲ ਗਏ। ਦੋ ਡੰਗ ਰੋਟੀ ਦੇ ਫ਼ਿਕਰ ਦੀ ਸਿਉਂਕ, ਇਨ੍ਹਾਂ ਫ਼ਾਈਲਾਂ ਵਿਚ ਗੁਆਚੇ ਲੋਕਾਂ ਨੂੰ ਹੌਲੀ ਹੌਲੀ ਖਾਈ ਜਾ ਰਹੀ ਹੈ।

ਸਟੈਨੋ — (ਘੜੀ ਵੇਖਦਿਆਂ) ਰੀਸੈਸ ਮੁਕ ਚਲੀ ਐ, ਪਰ ਤੁਹਾਡਾ ਭਾਸ਼ਨ ਖ਼ਤਮ ਨਹੀਂ ਹੋਇਆ। ਇਸੇ ਤਰ੍ਹਾਂ ਇਹ ਮੌਸਮ ਵੀ ਖ਼ਤਮ ਹੋ ਜਾਵੇਗਾ। ਪਰ...

[ ਪੀ.ਏ. ਦੇ ਕਮਰੇ ਵਿਚ ਚਲੀ ਜਾਂਦੀ ਹੈ। ]

ਅਸਿਸਟੈਂਟ — (ਇਕੱਲਾ ਹੀ) ਪਰ ਮੇਰਾ ਭਾਸ਼ਨ ਨਹੀਂ ਖ਼ਤਮ ਹੋਵੇਗਾ। ਮੈਂ ਵੀ ਹਰ ਵਕਤ ਕੁਝ ਨਾ ਕੁਝ ਟਾਈਪ ਕਰਦਾ ਰਹਿੰਦਾ ਹਾਂ।

[ ਇਕ ਵਿਅਕਤੀ ਆਉਂਦਾ ਹੈ। ਅਸਿਸ-ਟੈਂਟ ਕੋਲ ਆ ਕੇ ਰੁਕਦਾ ਹੈ। ]

ਵਿਅਕਤੀ – (ਹੱਸ ਕੇ) ਕੀ ਟਾਈਪ ਕਰਦਾ ਰਹਿੰਨੈ ?

ਅਸਿਸਟੈਂਟ – ਜਦੋਂ ਮੈਂ ਰੋਟੀ ਖਾਂਦਾ ਹਾਂ, ਤਾਂ ਮੈਨੂੰ ਲੱਗਦਾ ਹੈ, ਜਿਵੇਂ ਮੈਂ ਆਪਣੇ ਪਿਆਰੇ ਦੇਸ਼ ਦੀ ਪਵਿੱਤਰ ਧਰਤੀ ਉਤੇ ਟਾਈਪ ਦੀ ਇਕ ਬਹੁਤ ਵਡੀ ਮਸ਼ੀਨ ਨਾਲ ਕਣਕ, ਚਾਵਲ, ਮੱਕੀ, ਜੌਂ, ਬਾਜਰਾ ਆਦਿ ਲਿਖ ਦਿਤਾ ਹੋਵੇ ।

ਵਿਅਕਤੀ – ਪਰ ਇਹਨਾਂ ਫ਼ਸਲਾਂ ਨੂੰ ਆਪਣੇ ਖ਼ੂਨ-ਪਸੀਨੇ ਨਾਲ ਪੈਦਾ ਕਰਨ ਵਾਲੇ ਗ਼ਰੀਬ ਕਿਰਸਾਨ ਦਾ ਨਾਮ ਕਦੇ ਵੀ ਇਸ ਵੱਡੀ ਬਿਲਡਿੰਗ ਦੀ ਕਿਸੇ ਮਸ਼ੀਨ ਨੇ ਟਾਈਪ ਨਹੀਂ ਕੀਤਾ ।

ਅਸਿਸਟੈਂਟ – ਇਸ ਬਿਲਡਿੰਗ ਵਿਚ ਜਿੰਨੀਆਂ ਵੀ ਟਾਈਪ ਦੀਆਂ ਮਸ਼ੀਨਾਂ ਹਨ, ਉਹਨਾਂ ਵਿਚ ਕਿਰਸਾਨਾਂ ਨੂੰ ਟਾਈਪ ਕਰਨ ਵਾਲੇ ਅੱਖਰ ਕਦੋਂ ਦੇ ਟੁੱਟ ਚੁੱਕੇ ਹਨ ।

ਅਸਿਸਟੈਂਟ – ਪਰ ਇਸ ਬਿਲਡਿੰਗ ਵਿਚ, ਹੋਰ ਵੱਡੀਆਂ ਵੱਡੀਆਂ ਥਾਂਵਾਂ ਦੇ ਨਾਮ ਤਾਂ ਟਾਈਪ ਹੋਏ ਹੁੰਦੇ ਹਨ । ਉਦਘਾਟਨ ਪੱਥਰਾਂ ਤੇ ਨੇਤਾਵਾਂ ਦੇ ਨਾਮ ਤਾਂ ਬੜੀ ਖ਼ੂਬਸੂਰਤੀ ਨਾਲ ਲਿਖੇ ਜਾਂਦੇ ਹਨ, ਪਰ ਇਮਾਰਤ ਉਸਾਰਨ ਵਾਲੇ ਮਜ਼ਦੂਰਾਂ ਦੇ ਨਾਮ ਕਿਤੇ ਵੀ ਨਹੀਂ ਉਕਰੇ ਜਾਂਦੇ ।

ਅਸਿਸਟੈਂਟ – ਸਰਕਾਰੀ ਦੱਫ਼ਤਰਾਂ ਵਿਚ ਕੋਈ ਵੀ ਅਜਿਹੀ ਮਸ਼ੀਨ ਨਹੀਂ ਜਿਸ ਵਿਚ ਮਜ਼ਦੂਰ ਸ਼ਬਦ ਬਨਾਉਣ ਵਾਲੇ ਚਾਰ ਅੱਖਰ ਹੋਣ ।

ਵਿਅਕਤੀ – ਜਦੋਂ ਇਹਨਾਂ ਟਾਈਪ ਦੀਆਂ ਮਸ਼ੀਨਾਂ ਨੇ ਮਜ਼ਦੂਰ ਤੇ ਕਿਸਾਨਾਂ ਦੇ ਨਾਮ ਟਾਈਪ ਕਰਨੇ ਸ਼ੁਰੂ ਕਰ ਦਿਤੇ, ਤਾਂ ਉਦੋਂ ਨੇਤਾਵਾਂ ਦੇ ਨਾਮ ਉਦਘਾਟਨ ਪੱਥਰਾਂ ਤੋਂ ਉਚੇੜ ਦਿਤੇ ਜਾਣਗੇ ।

[ ਤੁਰਨ ਲੱਗਦਾ ਹੈ । ]

ਅਸਿਸਟੈਂਟ – ਪਰ ਤੁਸੀਂ ਕੌਣ ਹੋ । ਅਜ ਪਹਿਲੀ ਵਾਰ ਸਕੱਤਰੇਤ ਵਿਖਾਈ ਦਿੱਤੇ ਹੋ ।

ਵਿਅਕਤੀ – (ਰੁਕ ਕੇ) ਮੈਂ ਵਕਤ ਦੀ ਅਵਾਜ਼ ਹਾਂ । (ਹੱਸਦਾ ਹੈ)

[ ਚਲਾ ਜਾਂਦਾ ਹੈ । ]

[ ਘੰਟੀ ਦੀ ਲਗਾਤਾਰ ਅਵਾਜ਼ । ]

ਅਸਿਸਟੈਂਟ – ਪੀ.ਏ. ਸਾਹਿਬ ਆ ਕੇ ਆਪਣੀ ਕੁਰਸੀ ਤੇ ਬੈਠ ਗਏ ਹਨ । ਬੈਠੇ ਪਿਛੋਂ ਹਨ, ਘੰਟੀਆਂ ਪਹਿਲਾਂ ਖੜਕਾਉਣ ਲੱਗ ਪਏ ਹਨ । ਅਸਲ ਇਸ ਬਿਲਡਿੰਗ ਵਿਚ ਪੀ.ਏ. ਦਾ ਰਾਜ ਹੈ । ਪੀ.ਏ. ਜਿਹੜੀ ਜਨਤਾ ਤੇ ਮੰਤਰੀ ਵਿਚਕਾਰ ਇਕ ਉੱਚੀ ਕੰਧ ਹੈ ।

[ ਅਸਿਸਟੈਂਟ ਪੀ.ਏ. ਦੇ ਕਮਰੇ ਵਿਚ ਜਾਂਦਾ ਹੈ । ]

[ ਚਪੜਾਸੀ ਆਉਂਦਾ ਹੈ, ਤੇ ਮੰਤਰੀ ਅਤੇ ਪੀ. ਏ. ਦੇ ਕਮਰੇ ਵਿਚਕਾਰ ਪਈ ਕੁਰਸੀ ਉਤੇ ਪੈਰਾਂ ਭਾਰ ਆ ਕੇ ਬੈਠ ਜਾਂਦਾ ਹੈ, ਤੇ ਬੀੜੀ ਪੀਣ ਲੱਗਦਾ ਹੈ । ]

ਚਪੜਾਸੀ – (ਆਪਣੇ ਆਪ ਵਿਚ) ਹੁਣ ਤਾਂ ਮੰਤਰੀ ਰੋਜ਼ ਹੀ ਰੁਝੇ ਰਹਿੰਦੇ ਹਨ । ਅਜ ਕਲ ਲੋਕ ਕੰਮ ਵੀ ਤਾਂ ਬਹੁਤ ਕਰਵਾਉਣ ਲੱਗ ਪਏ ਹਨ । ਖ਼ਰ ਇਕ ਵਾਰ ਫ਼ਾਈਲ ਅੰਦਰ ਜਾ ਕੇ, ਵਾਪਿਸ ਤਾਂ ਮੁੜਦੀ ਕਦੇ ਦੇਖੀ ਨਹੀਂ । (ਸਟੂਲ ਤੋਂ ਉਠਦਾ ਹੈ) ਜੇ ਇਥੇ 'ਰੁਝੇ ਹੋਏ' ਦੀ ਥਾਂ 'ਉਲਝੇ ਹੋਏ' ਲਿਖ ਦਿਤਾ ਜਾਵੇ, ਤਾਂ ਮੇਰੇ ਖ਼ਿਆਲ ਵਿਚ ਕੋਈ ਫ਼ਰਕ ਨਹੀਂ ਪੈਣ ਲਗਿਆ । (ਰੁੱਕਦਾ ਹੈ) ਇਸ ਬਿਲਡਿੰਗ ਵਿਚ ਹਰ ਕੋਈ ਉਲਝਿਆ ਪਿਆ ਹੈ । ਜਿਵੇਂ ਸਾਰਿਆਂ ਦੇ ਨਾਲਿਆਂ ਵਿਚ ਗੋਲ ਗੰਢਾਂ ਪੈ ਗਈਆਂ ਹੋਣ । (ਮੁੜ ਸਟੂਲ 'ਤੇ ਬੈਠਦਾ ਹੈ) ਇਸ ਦੇਸ਼ ਵਿਚ ਜੇਕਰ ਕੋਈ ਸੁਲਝਿਆ ਹੋਇਆ ਹੈ, ਤਾਂ ਉਹ ਹੈ ਸ੍ਰੀ ਮਾਤੂ ਰਾਮ ਚਪੜਾਸੀ, ਦਫ਼ਤਰ, ਮੁੱਖ ਮੰਤਰੀ ।

[ ਖੱਬੇ ਪਾਸਿਓਂ ਇਕ ਬਜ਼ੁਰਗ ਆਉਂਦਾ ਹੈ । ]

ਚਪੜਾਸੀ – ਕਿਧਰ ਚੱਲੇ ਹੋ ਮਹਾਰਾਜ ?

ਬਜ਼ੁਰਗ – (ਆਪਣੀ ਸੋਟੀ ਮੰਤਰੀ ਦੇ ਦਫ਼ਤਰ ਵਲ ਕਰਕੇ) ਮੰਤਰੀ ਜੀ ਨੂੰ ਮਿਲਣੈ ।

ਚਪੜਾਸੀ – ਕਿੰਨਾ ਪੜ੍ਹਿਐਂ ?

ਬਜ਼ੁਰਗ – ਕੀ ਮਤਲਬ ?

ਚਪੜਾਸੀ – ਇਥੇ ਸਿਰਫ਼ ਮਤਲਬ ਦੀ ਹੀ ਗੱਲ ਹੁੰਦੀ ਹੈ । ਕੁਝ ਪੜ੍ਹਿਆ ਵੀ ਹੋਇਐਂ, ਕਿ ਐਵੇਂ ਤੁਰਿਆ ਫਿਰਦੈਂ, ਸਾਡੇ ਮੰਤਰੀਆਂ ਵਾਂਗ (ਬਜ਼ੁਰਗ ਦਾ ਧਿਆਨ ਮੁਖ ਮੰਤਰੀ ਦੇ ਦਫ਼ਤਰ ਵਲ ਕਰਕੇ) ਉਹ ਪੜ੍ਹਦੈ ?

ਬਜ਼ੁਰਗ – (ਅਗੇ ਜਾ ਕੇ, ਬੁੜਬੁੜਾਉਂਦਾ ਹੋਇਆ) ਮੰਤਰੀ ਜੀ ਰੁਝੇ ਹੋਏ ਹਨ... ਮੰਤਰੀ ਜੀ ਰੁਝੇ ਹੋਏ ਹਨ... ਰੁਝੇ ਹੋਏ ਹਨ । ਕੀ ਮੁਖ-ਮੰਤਰੀ ਜੀ ਸਚ-ਮੁਚ ਰੁਝ ਹੋਏ ਹਨ ?

ਚਪੜਾਸੀ – ਤੇਰਾ ਮਤਲਬ, ਇਹ ਝੂਠ ਲਿਖਿਆ ਹੋਇਐ ।

ਬਜ਼ੁਰਗ – ਝੂਠ ਤਾਂ ਮੈਂ ਨਹੀਂ ਕਹਿੰਦਾ, ਪਰ ਇਕ ਗੱਲ ਜ਼ਰੂਰ ਸੱਚ ਐ, ਕਿ ਜੋ ਗੱਲ ਮੰਤਰੀ ਜੀ ਜਲਸੇ ਵਿਚ ਕਹਿ ਕੇ ਜਾਂਦੇ ਹਨ, ਉਹ ਗੱਲ ਕਦੇ ਪੂਰੀ ਨਹੀਂ ਹੁੰਦੀ । (ਚਪੜਾਸੀ ਦੇ ਨਜ਼ਦੀਕ ਜਾ ਕੇ) ਤੂੰ ਮੇਰੀ ਗੱਲ ਦਾ ਗੁੱਸਾ ਨਾ ਕਰੀਂ । ਅਸਲ ਵਿਚ ਹੁਣ

ਕਿਸੇ ਗੱਲ ਤੇ ਭਰੋਸਾ ਹੀ ਨਹੀਂ ਰਿਹਾ।

ਚਪੜਾਸੀ – ਜੇ ਭਰੋਸਾ ਹੀ ਨਹੀਂ ਰਿਹਾ, ਤਾਂ ਵੜੇਵੇਂ ਲੈਣ ਆਇਐਂ ਇਥੇ। ਭਰੋਸਾ ਹੀ ਨਹੀਂ ਰਿਹਾ। ਜਿਵੇਂ ਹੁਣੇ ਚੰਨ 'ਤੇ ਜਾ ਕੇ ਆਇਆ ਹੋਵੇ, ਤੇ ਮੰਗਲ 'ਤੇ ਜਾਣ ਤੋਂ ਝਿਜਕਦਾ ਹੋਵੇ। (ਬਜ਼ੁਰਗ ਨੂੰ ਮੋਢਿਓਂ ਫੜ ਕੇ ਪਿਛੇ ਕਰਦਾ ਹੋਇਆ) ਤੂੰ ਅਜ ਮੁਖ ਮੰਤਰੀ ਜੀ ਨੂੰ ਨਹੀਂ ਮਿਲ ਸਕਦਾ।

ਬਜ਼ੁਰਗ – ਕਿਉਂ, ਅਜ ਕਿਉਂ ਨਹੀਂ ਮਿਲ ਸਕਦਾ?

ਚਪੜਾਸੀ – ਇਹ ਹੁਕਮ ਸ੍ਰੀ ਮਾੜੂ ਰਾਮ ਚਪੜਾਸੀ ਦੱਫ਼ਤਰ ਮੰਤਰੀ ਦਾ ਨਹੀਂ। ਸਗੋਂ ਖ਼ੁਦ ਮੰਤਰੀ ਸਾਹਿਬ ਦਾ ਹੈ। ਸਮਝਿਆ?

ਬਜ਼ੁਰਗ – ਪਰ ਮੈਂ ਬਹੁਤ ਦੂਰੋਂ ਆਇਆਂ।

ਚਪੜਾਸੀ – ਇਥੇ ਲੋਕ ਦੂਰੋਂ ਹੀ ਆਉਂਦੇ ਹਨ।

ਬਜ਼ੁਰਗ – ਮੈਂ ਬਹੁਤ ਉਮੀਦਾਂ ਲੈ ਕੇ ਆਇਆਂ।

ਚਪੜਾਸੀ – ਤੇ ਹੋਰਨਾਂ ਵਾਂਗ, ਬੇ-ਉਮੀਦ ਵਾਪਿਸ ਚਲਾ ਜਾ।

ਬਜ਼ੁਰਗ – ਮੈਂ ਮੰਤਰੀ ਜੀ ਨੂੰ ਵੋਟ ਪਾਈ ਸੀ।

ਚਪੜਾਸੀ – ਤਾਂ ਤੇਰਾ ਮਤਲਬ ਹੈ, ਮੰਤਰੀ ਸਿਰਫ਼ ਤੇਰੀ ਵੋਟ ਨਾਲ ਹੀ ਜਿੱਤਿਐ।

ਬਜ਼ੁਰਗ – ਮੇਰੀ ਵੋਟ ਦਾ ਕੁਝ ਮੁੱਲ ਵੀ ਤਾਂ ਹੈ।

ਚਪੜਾਸੀ – ਵੋਟ ਦਾ ਮੁੱਲ ਚੋਣਾਂ ਵੇਲੇ ਹੁੰਦਾ ਹੈ।

ਬਜ਼ੁਰਗ – ਚੋਣਾਂ ਬਾਅਦ?

ਚਪੜਾਸੀ – ਨੋਟ ਦਾ ਮੁੱਲ ਪੈਂਦਾ ਹੈ। ਕਿਉਂ ਕੋਈ ਲੱਗੀ ਹੋਈ ਐ ਫ਼ਾਲਤੂ ਜੇਬ।

ਬਜ਼ੁਰਗ – ਜੇਬ ਤਾਂ ਜ਼ਰੂਰ ਲੱਗੀ ਹੋਈ ਐ, ਪਰ ਇਥੋਂ ਤਕ ਪੁੱਜਦਿਆਂ ਪੁੱਜਦਿਆਂ ਖ਼ਾਲੀ ਹੋ ਚੁੱਕੀ ਐ।

ਚਪੜਾਸੀ – ਜੇ ਜੇਬ ਹੀ ਖ਼ਾਲੀ ਹੋ ਚੁਕੀ ਐ, ਤਾਂ ਵਾਪਿਸ ਘਰ ਮੁੜ ਜਾ।

ਬਜ਼ੁਰਗ – ਪਰ ਹੁਣ ਮੈਂ ਜਾਵਾਂ, ਤਾਂ ਜਾਵਾਂ ਕਿਥੇ?

[ ਬਜ਼ੁਰਗ ਬੈਂਚ ਤੇ ਬੈਠ ਜਾਂਦਾ ਹੈ। ]

ਚਪੜਾਸੀ – (ਬਜ਼ੁਰਗ ਨੂੰ ਉਠਾਉਂਦਾ ਹੋਇਆ) ਇਸ ਬੈਂਚ 'ਤੇ ਬੈਠਣ ਦੇ ਪੈਸੇ ਲੱਗਦੇ ਨੇ। ਇਹ ਬੈਂਚ ਮੰਤਰੀ ਜੀ ਦੇ ਦਫ਼ਤਰ ਦਾ ਬੈਂਚ ਹੈ, ਕਿਸੇ ਕਮੇਟੀ ਦੇ ਦਫ਼ਤਰ ਅਗੇ ਪਿਆ ਬੈਂਚ ਨਹੀਂ। ਸਮਝਿਆ। ਨਾਲੇ ਤੈਨੂੰ ਸ੍ਰੀ ਮਾੜੂ ਰਾਮ ਚਪੜਾਸੀ ਮੰਤਰੀ ਦੇ ਸਟੂਲ ਦੇ ਨਜ਼ਦੀਕ ਬੈਠਣ ਦਾ ਸੁਭਾਗ ਪ੍ਰਾਪਤ ਹੋਵੇਗਾ। (ਬਜ਼ੁਰਗ ਦੇ ਕੰਨ ਨਜ਼ਦੀਕ ਆਪਣਾ ਮੂੰਹ ਲੈ ਕੇ) ਇਸ ਬੈਂਚ ਉਤੇ ਬੈਠਣ ਦੇ ਪੰਜ ਰੁਪੈ ਲੱਗਦੇ ਨੇ। ਸਮਝਿਆ।

ਬਜ਼ੁਰਗ – (ਹੈਰਾਨੀ ਨਾਲ) ਬੈਂਚ ਤੇ ਬੈਠਣ ਦੇ ਪੰਜ ਰੁਪੈ!

ਚਪੜਾਸੀ – ਹੈਰਾਨ ਨਾ ਹੋ। ਤੇਰੇ ਕਪੜੇ ਦੇਖ ਕੇ, ਤੇਰੇ ਕੋਲੋਂ ਥਰਡ ਕਲਾਸ ਦੇ ਪੈਸੇ ਮੰਗ ਰਿਹਾਂ।

[ ਘੰਟੀ ਵੱਜਦੀ ਹੈ। ]

ਬਜ਼ੁਰਗ – (ਬੈਂਚ 'ਤੋਂ ਉਠ ਕੇ) ਮੈਂ ਬੈਂਚ ਤੇ ਨਹੀਂ ਬੈਠਦਾ, ਭੁੰਜੇ ਈ ਬਹਿ ਜਾਨਾ।

[ ਮੋਢੇ ਤੋਂ ਖੇਸ ਉਤਾਰ ਕੇ ਫ਼ਰਸ਼ ਉਤੇ ਵਿਛਾਉਣ ਲੱਗਦਾ ਹੈ। ]

ਚਪੜਾਸੀ – (ਨਕਲ ਕਰਦਿਆਂ) ਭੁੰਜੇ ਈ ਬਹਿ ਜਾਨਾਂ...। ਇਹ ਕੋਈ ਧਰਮਸ਼ਾਲਾ ਨਹੀਂ, ਕਿ ਜਿਥੇ ਦਿਲ ਕੀਤਾ, ਪਰਨਾ ਵਿਛਾਇਆ ਤੇ ਲੇਟ ਗਏ।

[ ਮੁੜ ਘੰਟੀ ਵੱਜਦੀ ਹੈ। ]

ਚਪੜਾਸੀ – ਪੀ.ਏ. ਦੇ ਦਫ਼ਤਰ ਨੂੰ ਜਾਂਦਾ ਹੋਇਆ) ਆਉਂਦੇ ਨੂੰ ਪੰਜ ਰੁਪੈ ਕੱਢ ਲਵੀਂ। ਨਹੀਂ ਕੋਈ ਪੁਲਿਸ ਵਾਲਾ ਤੈਨੂੰ ਉਠਾ ਦੇਵੇਗਾ। ਐਵੇਂ ਸ਼ੱਕ 'ਚ ਈ ਅੰਦਰ ਹੋ ਜਾਵੇਂਗਾ। ਸਮਝਿਆ।

[ ਚਪੜਾਸੀ ਪੀ.ਏ. ਦੇ ਕਮਰੇ ਵਿਚ ਚਲਾ ਜਾਂਦਾ ਹੈ। ਆਪਣੇ ਗੀਝੇ ਵਿਚੋਂ ਕੁਝ ਰੁਪੈ ਕਢਦਾ ਹੈ, ਇਕ ਪੰਜਾਂ ਦਾ ਨੋਟ ਹੱਥ ਵਿਚ ਫੜ ਕੇ, ਬਾਕੀ ਰੁਪੈ ਮੁੜ ਗੀਝੇ ਵਿਚ ਪਾ ਲੈਂਦਾ ਹੈ।

ਇਕ ਨੌਜਵਾਨ ਆਉਂਦਾ ਹੈ। ਜਿਸ ਨੇ ਲਾਲ ਕਮੀਜ਼ ਪਾਈ ਹੁੰਦੀ ਹੈ। ]

ਲਾਲ ਕਮੀਜ਼ ਵਾਲਾ ਨੌਜਵਾਨ – (ਬਜ਼ੁਰਗ) ਤੂੰ ਉਦਾਸ ਨਾ ਹੋ। ਮੇਰੀ ਪਾਰਟੀ ਤੇਰੀ ਮਦਦ ਕਰੇਗੀ।

ਬਜ਼ੁਰਗ – ਮੇਰੀ ਮਦਦ!

ਲ.ਕ.ਵਾ. ਨੌਜਵਾਨ – ਹੈਰਾਨ ਕਿਉਂ ਹੋ ਗਿਐਂ। ਮੇਰੀ ਪਾਰਟੀ ਦਾ ਕੰਮ ਇਥੇ ਇਨਕਲਾਬ ਲੈ ਕੇ ਆਉਣਾ ਹੈ।

ਬਜ਼ੁਰਗ – (ਹੈਰਾਨੀ ਨਾਲ) ਇਥੇ ਇਨਕਲਾਬ ਆਊਗਾ।

ਲਾ.ਕ.ਵਾ. ਨੌਜਵਾਨ – ਜ਼ਰੂਰ। ਉਸ ਇਨਕਲਾਬ ਵਿਚ ਤੇਰੇ ਵਰਗੇ ਡਿੱਗੇ ਹੋਇਆਂ ਨੂੰ ਉੱਚਾ ਚੁਕਿਆ ਜਾਵੇਗਾ।

ਬਜ਼ੁਰਗ – ਮੈਨੂੰ ਹੋਰ ਕਿੰਨਾ ਕੁ ਉੱਚਾ ਚੁਕੋਗੇ?

ਲਾ.ਕ.ਵਾ. ਨੌਜਵਾਨ – ਤੈਨੂੰ ਚੰਨ ਤਾਰਿਆਂ ਤੱਕ ਲੈ ਜਾਵਾਂਗੇ।

ਬਜ਼ੁਰਗ – ਤੇ ਫੇਰ?

ਲਾ.ਕ.ਵਾ. ਨੌਜਵਾਨ – ਤੇ ਫੇਰ ਤੂੰ ਅਸਮਾਨ ਵਿਚ ਜਗ-ਮਗਾਏਂਗਾ। ਮਤਲਬ, ਤੇਰੀ ਹਨੇਰੀ ਜ਼ਿੰਦਗੀ ਦਾ ਕੋਨਾ ਕੋਨਾ ਰੋਸ਼ਨ ਹੋ ਜਾਵੇਗਾ।

ਬਜ਼ੁਰਗ – ਪਰ ਮੈਂ ਅਜਿਹੀ ਰੋਸ਼ਨੀ ਤੋਂ ਪਹਿਲਾਂ ਆਪਣੀ ਪੈਨਸ਼ਨ ਚਾਹੁੰਦਾ ਹਾਂ। ਕੀ ਥੋਡੀ ਪਾਰਟੀ

ਮੈਨੂੰ ਪੈਨਸ਼ਨ ਦਿਵਾ ਦੇਵੇਗੀ ?

ਲਾ.ਕ.ਵਾ. ਨੌਜਵਾਨ – ਪੈਨਸ਼ਨ ਵਾਲਾ ਕੰਮ ਬਹੁਤ ਮਾਮੂਲੀ ਐ। ਅਸੀਂ ਸੰਘਰਸ਼ ਦੇ ਲੰਮੇ ਰਾਹ 'ਤੇ ਪਏ ਹੋਏ ਹਾਂ। ਤੈਨੂੰ ਵੀ ਇਸ ਸੰਘਰਸ਼ ਵਿਚ ਸ਼ਾਮਲ ਹੋਣਾ ਪਵੇਗਾ। ਇਥੋਂ ਤਕ ਤੈਨੂੰ ਆ ਰਹੇ ਇਨਕਲਾਬ ਲਈ ਸਭ ਕੁਝ ਕੁਰਬਾਨ ਕਰ ਦੇਣਾ ਹੋਵੇਗਾ।

ਬਜ਼ੁਰਗ – ਮੈਂ ਤਾਂ ਹੁਣ ਹੱਡੀਆਂ ਦਾ ਪਿੰਜਰ ਹਾਂ। ਮੈਂ ਇਨਕਲਾਬ ਲਈ ਕੀ ਕਰ ਸਕਦਾਂ।

ਲਾ.ਕ.ਵਾ. ਨੌਜਵਾਨ – ਹੱਡੀਆਂ ਦੇ ਪਿੰਜਰਾਂ ਤੇ ਹੀ ਇਨਕਲਾਬ ਦਾ ਮਹੱਲ ਉਸਰਦਾ ਹੈ। (ਮੋਢੇ ਨਾਲ ਲਟਕਦੇ ਝੋਲੇ ਵਿਚ ਹੱਥ ਪਾ ਕੇ) ਹਾਲ ਦੀ ਘੜੀ ਤੂੰ ਇੰਝ ਕਰ। (ਝੋਲੇ ਵਿਚੋਂ ਕੁਝ ਕਿਤਾਬਾਂ ਕੱਢ ਕੇ) ਤੈਨੂੰ ਇਨਕਲਾਬ ਦੀ ਤਿਆਰੀ ਲਈ ਇਹ ਸਾਰੀਆਂ ਕਿਤਾਬਾਂ ਪੜ੍ਹਨੀਆਂ ਪੈਣਗੀਆਂ। (ਚਾਰ ਕਿਤਾਬਾਂ ਬਜ਼ੁਰਗ ਨੂੰ ਸਿਰਲੇਖ ਪੜ੍ਹ ਕੇ ਦਿੰਦਾ ਹੋਇਆ)।

'ਇਨਕਲਾਬ ਦੇ ਰਾਹ ਕਿਵੇਂ ਪਈਦਾ ਹੈ ?'

'ਸੱਚਾ ਇਨਕਲਾਬੀ ਬਨਣ ਦੇ ਤਰੀਕੇ।'

'ਲੜਾਈ ਵਿਚ ਅਗੇ ਤੇ ਪਿਛੇ ਹੋਣ ਦੇ ਤਰੀਕੇ।'

'ਸਮਝੌਤਾ ਕਰਕੇ, ਕੁਝ ਪ੍ਰਾਪਤ ਕਰਨ ਦਾ ਰਾਹ।'

(ਕਿਤਾਬਾਂ ਦੇਣ ਬਾਅਦ) ਇਹ ਸਾਰੀਆਂ ਕਿਤਾਬਾਂ ਪੜ੍ਹਨ ਬਾਅਦ, ਤੈਨੂੰ ਪਤਾ ਲਗੇਗਾ, ਕਿ ਸਰਕਾਰ ਉਤੇ ਕਿਸ ਦਾ ਕਬਜ਼ਾ ਹੈ।

ਬਜ਼ੁਰਗ – ਤੇਰੇ ਖ਼ਿਆਲ ਵਿਚ ਮੈਨੂੰ ਇਹ ਹੀ ਨਹੀਂ ਪਤਾ ਕਿ ਸਰਕਾਰ ਉਤੇ ਕਿਸ ਦਾ ਕਬਜ਼ਾ ਹੈ।

ਲਾ.ਕ.ਵਾ. ਨੌਜਵਾਨ – ਇਹ ਇਤਨੀ ਸਿੱਧੀ ਗੱਲ ਨਹੀਂ ਜਿੰਨੀ ਕਿ ਤੂੰ ਸਮਝਦੈ। ਪਹਿਲਾਂ ਤੂੰ ਇਹ ਕਿਤਾਬਾਂ ਪੜ੍ਹ। ਫੇਰ ਤੈਨੂੰ ਹੋਰ ਇਨਕਲਾਬੀ ਸਾਹਿਤ ਪੜ੍ਹਨ ਨੂੰ ਦਿਤਾ ਜਾਵੇਗਾ। (ਸੋਚ ਕੇ) ਇਹ ਕਿਤਾਬਾਂ ਜੇ ਤੂੰ ਸਾਡੀ ਦੁਕਾਨ ਤੋਂ ਖ਼ਰੀਦਦਾ, ਤਾਂ ਤੈਨੂੰ ਇਹਨਾਂ ਦੇ ਬਾਰ੍ਹਾਂ ਰੁਪੈ ਦੇਣੇ ਪੈਂਦੇ। ਕਿਉਂ ਕਿ ਮੈਂ ਇਨਕਲਾਬ ਦਾ ਪ੍ਰਚਾਰ ਕਰ ਰਿਹਾਂ, ਤੇਰੇ ਕੋਲੋਂ ਸਿਰਫ਼ ਲਾਗਤ ਹੀ ਲਵਾਂਗਾ, ਸਿਰਫ਼ ਪੰਜ ਰੁਪੈ।

ਬਜ਼ੁਰਗ – ਪੰਜ ਰੁਪੈ !

ਲਾ.ਕ.ਵਾ. ਨੌਜਵਾਨ – ਹੈਰਾਨ ਨਾ ਹੋ। ਪੜ੍ਹਨ ਤੋਂ ਬਾਅਦ ਤੇਰੀਆਂ ਅੱਖਾਂ ਖੁੱਲ੍ਹ ਜਾਣਗੀਆਂ, ਚਾਰੇ ਪਾਸੇ ਤੈਨੂੰ ਚਾਨਣ ਹੀ ਚਾਨਣ ਨਜ਼ਰ ਆਵੇਗਾ।

[ ਬਜ਼ੁਰਗ ਆਪਣੇ ਹੱਥ ਵਿਚ ਫੜਿਆ ਪੰਜ ਦਾ ਨੋਟ ਲਾਲ ਕਮੀਜ਼ ਵਾਲੇ ਨੌਜਵਾਨ ਨੂੰ ਦੇ ਦਿੰਦਾ ਹੈ। ਨੌਜਵਾਨ ਉਥੋਂ ਤੁਰਨ ਲੱਗਦਾ ਹੈ। ]

ਬਜ਼ੁਰਗ – (ਨੌਜਵਾਨ ਨੂੰ) ਪਰ ਮੇਰੀ ਪੈਨਸ਼ਨ ਲਈ ਤੂੰ ਕੁਝ ਕਰਦੇ ਜਾਵੇ।

ਲਾ.ਕ.ਵਾ. ਨੌਜਵਾਨ – ਬਜ਼ੁਰਗਾ, ਤੇਰੀ ਨਿੱਕ ਬੁਰਜੂਆ ਸੋਚ ਐ। ਤੂੰ ਹੁਣ ਲੰਮੇਂ ਸੰਘਰਸ਼ ਦੇ ਰਾਹ ਪੈ ਗਿਐਂ। ਇਹਨਾਂ ਪੈਂਟੀ ਗੱਲਾਂ ਦਾ ਫ਼ਿਕਰ ਨਾ ਕਰ।

[ ਲਾਲ ਕਮੀਜ਼ ਵਾਲਾ ਨੌਜਵਾਨ ਚਲਾ ਜਾਂਦਾ ਹੈ।

ਬਜ਼ੁਰਗ – (ਕਿਤਾਬਾਂ ਨੂੰ ਉਲਥਾ ਕੇ ਵੇਖਦਾ ਹੋਇਆ) ਇਹ ਜਾਨਣ ਲਈ ਕਿ ਸਰਕਾਰ ਉਤੇ ਕਿਸ ਦਾ ਕਬਜ਼ਾ ਹੈ, ਮੈਨੂੰ ਇਹ ਸਾਰੀਆਂ ਕਿਤਾਬਾਂ ਪੜ੍ਹਨੀਆਂ ਪੈਣਗੀਆਂ। ਪੈਨਸ਼ਨ ਦਾ ਬੰਦੋਬਸਤ ਹੋ ਜਾਂਦਾ; ਤਾਂ ਅਰਾਮ ਨਾਲ ਘਰ ਬਹਿ ਕੇ ਇਹਨਾਂ ਕਿਤਾਬਾਂ ਨੂੰ ਪੜ੍ਹਦਾ, ਤੇ ਇਨਕਲਾਬ ਦੇ ਆਉਣ ਦਾ ਪਤਾ ਲਾਉਂਦਾ। ਪਰ ਇਹ ਜਾਂਦਾ ਜਾਂਦਾ ਕੀ ਕਹਿ ਗਿਆ, ਕਿ ਮੇਰੀ ਸੋਚ ਨਿੱਕ-ਬੁਰਜੂਆ ਹੈ।

[ ਚਪੜਾਸੀ ਪੀ.ਏ. ਦੇ ਦਫ਼ਤਰ ਵਿਚੋਂ ਨਿਕਲਦਾ ਹੈ, ਤੇ ਬਾਹਰ ਆ ਕੇ ਆਪਣੇ ਸਟੂਲ ਤੇ ਬਹਿ ਜਾਂਦਾ ਹੈ। ]

ਬਜ਼ੁਰਗ – ਸ੍ਰੀ ਮਾਤੂ ਰਾਮ ਜੀ, ਨਿੱਕ-ਬੁਰਜੂਆ ਸੋਚ ਕਿਸ ਨੂੰ ਆਖਦੇ ਹਨ ?

ਚਪੜਾਸੀ – ਜਿਹੜਾ ਨਿੱਕੀਆਂ ਨਿੱਕੀਆਂ ਗੱਲਾਂ ਬਾਰੇ ਸੋਚੇ। ਜਿਵੇਂ ਕਿ ਹੁਣ ਤੂੰ ਸੋਚ ਰਿਹੈਂ, ਕਿ ਸ੍ਰੀ ਮਾਤੂ ਰਾਮ ਜੀ ਨੂੰ ਪੰਜ ਰੁਪੈ ਦੇਵਾਂ ਜਾਂ ਆਪਣਾ ਕੰਮ ਕਰਾਏ ਬਿਨਾ ਹੀ ਪਿੰਡ ਵਾਪਿਸ ਚਲਾ ਜਾਵਾਂ। ਇਹਨੂੰ ਆਖਦੇ ਨੇ ਨਿੱਕ-ਬੁਰਜੂਆ ਸੋਚ।

ਬਜ਼ੁਰਗ – ਤੁਸੀਂ ਪੰਜ ਰੁਪੈ ਜ਼ਰੂਰ ਲਵੋ। (ਗੋਝੇ ਵਿਚੋਂ ਪੰਜ ਰੁਪੈ ਕਢ ਕੇ ਉਸ ਨੂੰ ਫੜਾਂਦਾ ਹੈ।) ਕਿਵੇਂ ਨਾ ਕਿਵੇਂ ਮੇਰੀ ਪੈਨਸ਼ਨ ਦਾ ਕੰਮ ਕਰਵਾ ਦਿਓ।

ਚਪੜਾਸੀ – (ਪੰਜਾਂ ਦਾ ਨੋਟ ਜੇਬ ਵਿਚ ਪਾ ਕੇ) ਇਹ ਹੋਈ ਨਾ ਵਡੀ ਬੁਰਜੂਆ ਸੋਚ। (ਉਠ ਕੇ ਮੁਖ ਮੰਤਰੀ ਦੇ ਕਮਰੇ ਦੇ ਮਰਜੇ ਰਾਹੀਂ ਅੰਦਰ ਵੇਖਦਾ ਹੈ) ਮੇਰੇ ਖ਼ਿਆਲ 'ਚ ਮੁਖ ਮੰਤਰੀ ਜੀ ਤੇਰੀ ਪੈਨ-ਸ਼ਨ ਦੇ ਕੰਮ ਵਿਚ ਹੀ ਰੁਝੇ ਹੋਏ ਹਨ। ਤੂੰ ਹੁਣ ਅਰਾਮ ਨਾਲ ਇਥੇ ਬੈਠ ਕੇ, ਆਪਣੇ ਪੈਨਸ਼ਨ ਦੇ ਕਾਗਜ਼ਾਂ ਦੀ ਉਡੀਕ ਕਰ।

[ ਇਕ ਨੇਤਾ ਕਿਸਮ ਦਾ ਬੰਦਾ ਆਉਂਦਾ ਹੈ। ਚਪੜਾਸੀ ਸਟੂਲ ਤੋਂ ਉਠ ਕੇ ਉਸ ਨੂੰ ਸਲੂਟ ਮਾਰਦਾ ਹੈ। ਉਹ ਬੰਦਾ ਸਿੱਧਾ ਮੁਖ-ਮੰਤਰੀ ਦੇ ਦਫ਼ਤਰ ਅੰਦਰ ਚਲਾ ਜਾਂਦਾ ਹੈ। ]

ਬਜ਼ੁਰਗ – ਇਹ ਕੌਣ ਸੀ, ਜੋ ਸਿੱਧਾ ਮੁੱਖ ਮੰਤਰੀ ਦੇ ਦਫ਼ਤਰ ਅੰਦਰ ਚਲਾ ਗਿਐ ?

ਚਪੜਾਸੀ – ਤੈਂ ਕੀ ਲੈਣੈਂ। ਇਥੇ ਹਰ ਪ੍ਰਕਾਰ ਦੇ

ਬੰਦੇ ਆਉਂਦੇ ਰਹਿਣ। ਕੁਝ ਪੁੱਛ ਕੇ ਅੰਦਰ ਜਾਣ ਵਾਲੇ। ਕੁਝ ਸਿੱਧੇ ਅੰਦਰ ਜਾਣ ਵਾਲੇ। ਕੁਝ ਤੇਰੇ ਵਰਗੇ, ਇਸ ਬੈਂਚ 'ਤੇ ਬੈਠਣ ਵਾਲੇ। ਨਾਲੇ ਤੂੰ ਸਮਝਦੈਂ, ਪੰਜ ਰੁਪੈ ਵਿਚ ਮੈਂ ਤੈਨੂੰ ਸਰਕਾਰ ਦੇ ਸਾਰੇ ਭੇਦ ਦੱਸ ਦਿਆਂ। ਤੂੰ ਪੰਜ ਰੁਪੈ ਬੈਂਚ 'ਤੇ ਬੈਠਣ ਦੇ ਦਿਤੇ ਨੇ, ਕੋਈ ਗੱਲ ਪੁਛਣ ਦੇ ਨਹੀਂ। ਸਮਝਿਆਂ!

ਬਜ਼ੁਰਗ – ਪੈਸਿਆਂ ਨੂੰ ਮਾਰ ਗੋਲੀ। ਮੈਂ ਤਾਂ ਉਂਝ ਹੀ ਪੁਛਿਆ ਸੀ।

ਚਪੜਾਸੀ – ਤਾਂ ਫੇਰ ਸੁਣ। ਇਹ ਸ਼ਹਿਰ ਦਾ ਸਭ ਤੋਂ ਵਡਾ ਕਾਰਖ਼ਾਨੇਦਾਰ ਐ। ਤਿੰਨ ਇਹਦੇ ਸਿਨੇਮੇ ਹਨ। ਸੌ ਇਹਦੀਆਂ ਟੈਕਸੀਆਂ ਹਨ। ਪੰਜ ਹੋਟਲਾਂ ਦਾ ਮਾਲਕ ਐ। ਪਤਨੀ ਇਹਦੀ ਲੋਕ ਸਭਾ ਦੀ ਮੈਂਬਰ ਐ, ਤੇ ਲੜਕਾ...

ਬਜ਼ੁਰਗ – ਮੇਰਾ ਮਤਲਬ ਸੀ...

ਚਪੜਾਸੀ – ਤੇਰੇ ਮਤਲਬ ਦਾ ਇਥੇ ਕੋਈ ਬੰਦਾ ਨਹੀਂ ਆਉਣਾ। ਤੂੰ ਆਰਾਮ ਨਾਲ ਬੈਠਾ ਰਹਿ, ਜਦੋਂ ਤਕ 'ਰੁਝੇ ਹੋਏ' ਦੀ ਬਿਜਲੀ ਨਹੀਂ ਬੁਝਦੀ।

[ ਇਕ ਨੌਜਵਾਨ ਸੁੰਦਰ ਲੜਕੀ ਆਉਂਦੀ ਹੈ। ਉਸ ਦੇ ਇਕ ਮੋਢੇ ਉਤੇ ਲੰਮਾ ਕਾਲਾ ਵਡਾ ਪਰਸ ਲਟਕ ਰਿਹਾ ਹੈ। ਦੂਜੇ ਹੱਥ ਥੱਬਾ ਕੁ ਕਾਗਜ਼ਾਂ ਦਾ ਹੈ। ]

ਲੜਕੀ – ਹੈਲੋ, ਸ੍ਰੀ ਮਾਤੂ ਰਾਮ ਜੀ ਕੈਸੇ ਹੋ?

ਚਪੜਾਸੀ – (ਸ਼ਰਮਾ ਕੇ) ਵੈਸਾ ਹੀ ਹੂੰ।

ਲੜਕੀ – ਆਜ ਕੁਛ ਉਦਾਸ ਲੱਗ ਰਹੇ ਹੋ।

ਚਪੜਾਸੀ – ਇਸ ਕੰਬਖ਼ਤ ਮੌਸਮ ਨੇ ਉਦਾਸ ਕਰ ਦਿਤੈ।

ਲੜਕੀ – ਲਗਤਾ ਹੈ, ਆਜ ਕੋਈ ਮੁਰਗੀ ਨਹੀਂ ਫਸੀ?

ਚਪੜਾਸੀ – (ਬਜ਼ੁਰਗ ਵਲ ਇਸ਼ਾਰਾ ਕਰਕੇ) ਫਸੀ ਤਾਂ ਹੈ, ਪਰ ਮੁਰਗੇ ਵਰਗੀ। ਅਜ ਤਾਂ ਜੀ ਤੁਸੀਂ ਬੜੀਆਂ ਅਰਜ਼ੀਆਂ ਚੁਕੀਆਂ ਨੇ।

ਲੜਕੀ – ਕੁਛ ਮਿੱਤਰੋਂ ਕੇ ਕਾਮ ਹੈਂ। ਸੋਚਾ ਆਜ ਹੀ ਕਰਵਾ ਲੂੰ।

ਚਪੜਾਸੀ – ਕਿਉਂ ਫੇਰ ਕਦੇ ਨਹੀਂ ਆਉਣਾ?

ਲੜਕੀ – ਜ਼ਰੂਰ ਆਊਂਗੀ। ਸ੍ਰੀ ਮਾਤੂ ਰਾਮ ਜੀ ਉਦਾਸ ਮੱਤ ਹੋ। ਲਗਤਾ ਹੈ ਆਜ ਬੀੜੀ ਨਹੀਂ ਪੀ ਆਪ ਨੇ?

ਚਪੜਾਸੀ – (ਮੁਸਕਰਾਉਂਦਾ ਹੈ) ਜੀ...ਆਂ...ਅ।

ਲੜਕੀ – (ਪਰਸ ਵਿਚੋਂ ਦੋ ਰੁਪੈ ਕਢ ਕੇ ਚਪੜਾਸੀ ਨੂੰ ਦਿੰਦੀ ਹੈ) ਆਜ ਅੱਛੀ ਸੀ ਸਿਗਰਟ ਪੀਨਾ। ਸਮਝੇ!

[ ਚਪੜਾਸੀ 2 ਦਾ ਨੋਟ ਲੈ ਕੇ ਮੁਸਕ੍ਰਾਉਂਦਾ ਹੈ। ਲੜਕੀ ਸਿੱਧੀ ਮੁਖ ਮੰਤਰੀ ਦੇ ਕਮਰੇ ਵਿਚ ਚਲੀ ਜਾਂਦੀ ਹੈ। ]

ਚਪੜਾਸੀ – ਦੇਖਿਆ, ਏਸ ਤਰ੍ਹਾਂ ਦੀਆਂ ਜ਼ਨਾਨੀਆਂ ਆਉਂਦੀਆਂ ਨੇ ਇਥੇ। ਹੱਸਦੀਆਂ ਹੱਸਦੀਆਂ, ਸ੍ਰੀ ਮਾਤੂ ਰਾਮ ਜੀ ਦੇ ਹੱਥਾਂ ਤੇ ਨੋਟ ਧਰ ਜਾਂਦੀਆਂ ਨੇ। (ਬਜ਼ੁਰਗ ਨੂੰ) ਹੁਣ ਤੂੰ ਪੁਛੇਂਗਾ, ਬਈ, ਇਹ ਕੌਣ ਸੀ। ਪੁਛੇਂਗਾ ਨਾ।

ਬਜ਼ੁਰਗ – ਜੇ ਕਹੇਂ ਤਾਂ ਨਹੀਂ ਪੁਛਦਾ। ਮੈਂ ਵੀ ਕਿਸ ਕਿਸ ਬਾਰੇ ਪੁਛਾਂਗਾ।

ਚਪੜਾਸੀ – ਇਹ ਅਖ਼ਬਾਰਾਂ 'ਚ ਖ਼ਬਰਾਂ ਭੇਜਣ ਦਾ ਕੰਮ ਕਰਦੀ ਐ। ਸਾਰੇ ਅਫ਼ਸਰ, ਸਾਰੇ ਮੰਤਰੀ ਇਹਤੋਂ ਬਹੁਤ ਡਰਦੇ ਨੇ। ਮੁਖ-ਮੰਤਰੀ ਤੋਂ ਜਿਹੜਾ ਕੰਮ ਚਾਹੇ, ਪੰਜ ਮਿੰਟਾਂ 'ਚ ਕਰਵਾ ਲੈਂਦੀ ਐ।

ਬਜ਼ੁਰਗ – ਤਾਂ ਮੇਰੀ ਵੀ ਅਰਜ਼ੀ ਫੜਾ ਦਿੰਦਾ ਇਹਨੂੰ ਮੇਰੀ ਵੀ ਪੈਨਸ਼ਨ ਲੱਗ ਜਾਂਦੀ।

ਚਪੜਾਸੀ – ਤੇਰੇ ਵਰਗਿਆਂ ਕੋਲ ਤਾਂ ਇਹ ਖੜਦੀ ਵੀ ਨਹੀਂ। ਇਹ ਤਾਂ ਇਸ ਸਟੂਲ ਨੂੰ ਸਲਾਮਾਂ ਪੈਂਦੀਆਂ ਨੇ। ਸ੍ਰੀ ਮਾਤੂ ਰਾਮ ਜੀ ਨੂੰ ਨਹੀਂ। ਨਾਲੇ ਇਹਦੇ ਯਰਾਨੇ ਤਾਂ ਵਡੇ ਵਡੇ ਬੰਦਿਆਂ ਨਾਲ ਨੇ। (ਬੀੜੀ ਕਢ ਕੇ ਲਾਉਂਦਾ ਹੈ।) ਕਹਿੰਦੀ ਸੀ, ਇਹਨਾਂ ਰੁਪਿਆਂ ਦੀ ਵਧੀਆ ਜਿਹੀ ਸਿਗਰਟ ਪੀਵੀਂ। (ਹੱਸ ਕੇ) ਕਮਲੀ ਨਾ ਹੋਵੇ ਤੇ।

[ ਕੇਸਰੀ ਕਮੀਜ਼ ਵਾਲਾ ਨੌਜਵਾਨ ਆਉਂਦਾ ਹੈ। ]

ਕੇਸਰੀ ਕਮੀਜ਼ ਵਾਲਾ ਨੌਜਵਾਨ – (ਬਜ਼ੁਰਗ ਨੂੰ) ਤੈਨੂੰ ਆਪਣੇ ਪੈਰਾਂ ਤੇ ਆਪ ਖੜਨਾ ਪਵੇਗਾ।

ਬਜ਼ੁਰਗ – ਮੈਂ ਸੱਤਰ ਸਾਲਾਂ ਤੋਂ ਆਪਣੇ ਹੀ ਪੈਰਾਂ ਤੇ ਖੜਾ ਹਾਂ। ਪਰ ਪੁੱਤਰਾ, ਹੁਣ ਪੈਰ ਜੁਆਬ ਦਿੰਦੇ ਲਗਦੇ ਨੇ।

ਕੇ.ਕ.ਵਾ. ਨੌਜਵਾਨ – ਜੇਕਰ ਤੂੰ ਇਨਕਲਾਬ ਦੇ ਰਾਹ ਤੇ ਪਿਆ ਹੁੰਦਾ, ਤਾਂ ਕਦੇ ਵੀ ਨਾ ਥੱਕਦਾ।

ਬਜ਼ੁਰਗ – ਇਨਕਲਾਬ ਦੇ ਰਾਹ ਤੇ ਤਾਂ ਮੈਨੂੰ ਪਤਾ ਨਹੀਂ, ਪਰ ਮੁਸੀਬਤ ਦੇ ਰਾਹ ਜੰਮਦਿਆਂ ਹੀ ਪੈ ਗਿਆ ਸੀ।

ਕੇ.ਕ.ਵਾ.ਨੌਜਵਾਨ – ਇਨਕਲਾਬ ਦੇ ਰਾਹ 'ਤੇ ਪੈ ਕੇ ਹੀ, ਮੁਸੀਬਤ ਦੂਰ ਹੁੰਦੀ ਹੈ। ਤੂੰ ਸਾਡੀ ਪਾਰਟੀ 'ਚ ਸ਼ਾਮਲ ਹੋ ਜਾ। ਅਸੀਂ ਤੇਰੇ ਹੱਕਾਂ ਲਈ ਅਵਾਜ਼ ਬੁਲੰਦ ਕਰਾਂਗੇ।

ਬਜ਼ੁਰਗ – ਕਿਹੜੇ ਕਿਹੜੇ ਹੱਕਾਂ ਲਈ ਅਵਾਜ਼ ਬੁਲੰਦ ਕਰੋਗੇ ਤੁਸੀਂ?

ਕੇ.ਕ.ਵਾ.ਨੌਜਵਾਨ – ਇਹੋ, ਕਿ ਤੈਨੂੰ ਦੋ ਡੰਗ ਦੀ ਰੋਟੀ ਮਿਲੇ। ਚੰਗੇ ਕਪੜੇ ਮਿਲਣ। ਤੇਰੇ ਕੋਲ ਇਕ ਨਿੱਕਾ ਜਿਹਾ ਮਕਾਨ ਹੋਵੇ।

ਬਜ਼ੁਰਗ – ਤਾਂ ਫੇਰ ਦਵਾ ਦਿਓ।

ਕੇ.ਕ.ਵਾ.ਨੌਜਵਾਨ – ਇਹ ਸਭ ਕੁਝ ਤੈਨੂੰ ਤਾਂ ਹੀ ਪ੍ਰਾਪਤ ਹੋਵੇਗਾ, ਜੇਕਰ ਤੂੰ ਸਾਡੀ ਪਾਰਟੀ ਦੇ ਕੁਝ ਸਿਧਾਂਤ ਸਿੱਖੇਂ। (ਝੋਲੇ ਵਿਚ ਹੱਥ ਪਾ ਕੇ ਪੰਜ ਕਿਤਾਬਾਂ ਕੱਢਦਾ ਹੈ।) ਤੈਨੂੰ ਇਹ ਕਿਤਾਬਾਂ ਪੜ੍ਹਨੀਆਂ ਪੈਣਗੀਆਂ।

'ਸੰਘਰਸ਼ ਕੀ ਐ ?'

'ਸਰਮਾਏਦਾਰੀ ਦਾ ਅਖੀਰਲਾ ਹਥਿਆਰ'

'ਨਵ-ਬਸਤੀਵਾਦ ਦਾ ਕਿਵੇਂ ਖ਼ਾਤਮਾ ਹੋਵੇ'

'ਅੰਤਰ-ਰਾਸ਼ਟਰੀ ਮਜ਼ਦੂਰ ਭਾਈਚਾਰ ਕਿਵੇਂ ਇਕ ਹੋਵੇ'

'ਦੁਨੀਆਂ ਭਰ ਦੇ ਇਨਕਲਾਬੀਓ, ਇਕ ਹੋ ਜਾਵੋ'

[ਸਾਰੀਆਂ ਕਿਤਾਬਾਂ ਬਜ਼ੁਰਗ ਨੂੰ ਫੜਾ ਦਿੰਦਾ ਹੈ।]

ਬਜ਼ੁਰਗ – (ਕਿਤਾਬਾਂ ਲੈ ਕੇ) ਇਤਨੀਆਂ ਸਾਰੀਆਂ ਕਿਤਾਬਾਂ ਮੈਂ ਕਿਵੇਂ ਪੜ੍ਹ ਸਕਾਂਗਾ ?

ਕੇ.ਕ.ਵਾ. ਨੌਜਵਾਨ – ਇਨਕਲਾਬੀਆਂ ਹਿੰਮਤ ਨਹੀਂ ਹਾਰੀਦੀ।

[ਬਜ਼ੁਰਗ ਬੈਂਚ ਉਤੇ ਪਈਆਂ ਕਿਤਾਬਾਂ ਚੁੱਕ ਕੇ ਕੇਸਰੀ ਕਮੀਜ਼ ਵਾਲੇ ਨੂੰ ਦਿੰਦਾ ਹੈ।]

ਬਜ਼ੁਰਗ – ਮੈਨੂੰ ਪਹਿਲਾਂ ਇਹ ਕਿਤਾਬਾਂ ਪੜ੍ਹਨ ਲਈ ਇਕ ਨੌਜਵਾਨ ਦੇ ਗਿਐ।

[ਕੇਸਰੀ ਕਮੀਜ ਵਾਲਾ ਇਕ ਇਕ ਕਰਕੇ ਕਿਤਾਬਾਂ ਦੇ ਸਿਰਲੇਖ ਪੜ੍ਹਦਾ ਹੈ।

ਕੇ, ਕ. ਵਾ. ਨੌਜਵਾਨ – ਇਹ ਕਿਤਾਬਾਂ ਫਜ਼ੂਲ ਹਨ। ਇਨ੍ਹਾਂ ਕਿਤਾਬਾਂ ਨੂੰ ਪੜ੍ਹਕੇ ਲੋਕ ਇਥੇ ਕਦੇ ਵੀ ਇਨ-ਕਲਾਬ ਨਹੀਂ ਲੈ ਕੇ ਆ ਸਕਦੇ। ਇਨ੍ਹਾਂ ਕਿਤਾਬਾਂ ਨੂੰ ਕੋਈ ਰੱਦੀ ਵਿਚ ਵੀ ਨਹੀਂ ਲੈਂਦਾ।

[ਕਿਤਾਬਾਂ ਮੁੜ ਬਜ਼ੁਰਗ ਨੂੰ ਫੜਾਂਦਾ ਹੈ।[

ਬਜ਼ੁਰਗ – (ਕਿਤਾਬਾਂ ਫੜਕੇ) ਕੀ ਤੇਰੀਆਂ ਦਿਤੀਆਂ ਕਿਤਾਬਾਂ ਵਿਚ ਮੇਰੀ ਪੈਨਸ਼ਨ ਦਾ ਜ਼ਿਕਰ ਹੈ ?

ਕੇ.ਕ.ਵਾ.ਨੌਜਵਾਨ – ਪੈਨਸ਼ਨ ਇਕ ਮਾਮੂਲੀ ਚੀਜ਼ ਐ! ਇਕ ਸੱਚੇ ਤੇ ਬਹਾਦਰ ਇਨਕਲਾਬੀ ਨੂੰ ਆਪਣੇ ਨਿੱਜੀ ਹਿੱਤਾਂ ਨੂੰ ਲੋਕ ਹਿਤਾਂ ਲਈ ਕੁਰਬਾਨ ਕਰ ਦੇਣਾ ਚਾਹੀਦਾ ਹੈ। ਤੈਨੂੰ ਸਿਰਫ ਇਨਕਲਾਬ ਬਾਰੇ ਸੋਚਣਾ ਚਾਹੀਦਾ ਹੈ। ਆਪਣੀ ਪੈਨਸ਼ਨ ਦਾ ਫਿਕਰ ਬਿਲਕੁਲ ਨਹੀਂ ਕਰਨਾ ਚਾਹੀਦਾ। ਇਥੇ ਇਨਕਲਾਬ ਦੇ ਸਾਰੇ ਰਾਹ ਤਿਆਰ ਹੋ ਚੁਕੇ ਹਨ। (ਬਜ਼ੁਰਗ ਦੇ ਨਜ਼ਦੀਕ ਹੋ ਕੇ) ਇਹ ਕਿਤਾਬਾਂ ਤੈਨੂੰ ਕਿਸੇ ਬਜ਼ਾਰ ਵਿਚੋਂ ਨਹੀਂ ਮਿਲਣਗੀਆਂ। ਬਦੇਸ਼ਾਂ ਤੋਂ ਹਵਾਈ ਜਹਾਜ਼ਾਂ ਰਾਹੀਂ ਸਿਧੀਆਂ ਸਾਡੇ ਕੋਲ ਆਉਂਦੀਆਂ ਨੇ। ਹੁਣ ਤੈਥੋਂ ਸਿਰਫ ਇਹਦੀ ਕੀਮਤ ਤਿੰਨ ਰੁਪੈ ਲਵਾਂਗਾ।

ਬਜ਼ੁਰਗ – (ਹੈਰਾਨੀ ਨਾਲ) ਤਿੰਨ ਰੁਪੈ !

ਕੇ.ਕ.ਵਾ.ਨੌਜਵਾਨ : ਚਲ ਅਧੀ ਹੀ ਦੇ ਦੇ। ਪੰਜਾਹ ਪੈਸੇ ਤੈਨੂੰ ਮੁਆਫ ਕੀਤੇ।

ਬਜ਼ੁਰਗ – ਪੰਜਾਹ ਪੈਸੇ ਹੀ ਕਿਉਂ ਮੁਆਫ ਕੀਤੇ। ਦੋ ਰੁਪੈ ਕਿਉਂ ਨਹੀਂ ਮੁਆਫ ਕਰ ਦਿੰਦਾ।

ਕੇ.ਕ.ਵਾ.ਨੌਜਵਾਨ – ਚਲ ਪੰਜਾਹ ਪੈਸੇ ਹੀ ਦੇ। ਵੱਕਤ ਬਹੁਤ ਥੋੜੈ।

ਬਜ਼ੁਰਗ –(ਉਸਨੂੰ ਪੰਜਾਹ ਪੈਸੇ ਦੇ ਕੇ) ਪਰ ਮੇਰੀ ਪੈਨਸ਼ਨ ਬਾਰੇ ਤਾਂ ਕੁਝ ਕਰ 'ਜਾ।

ਕੇ.ਕ.ਵਾ.ਨੌਜਵਾਨ : ਹੁਣ ਤੂੰ ਸੱਜ-ਪਿਛਾਖੜ ਸੋਚ ਨੂੰ ਛਡ ਦੇ। ਖਬੀ ਸੋਚ ਨੂੰ ਮਜ਼ਬੂਤ ਬਣਾ ਕੇ, ਇਨਕਲਾਬ ਦੇ ਰਾਹ 'ਤੇ ਤੁਰ ਪੈ। ਨਵੀਂ ਸਵੇਰ ਸਾਡਾ ਰਾਹ ਵੇਖ ਰਹੀ ਹੈ।

[ਨੌਜਵਾਨ ਚਲਾ ਜਾਂਦਾ ਹੈ।]

ਬਜ਼ੁਰਗ–(ਕਿਤਾਬਾਂ ਨੂੰ ਇਕ ਪਾਸੇ ਰਖਕੇ) ਇਹ ਨੌਜਵਾਨ ਇਤਨੀਆਂ ਹੋਰ ਕਿਤਾਬਾਂ ਦੇ ਗਿਐ। (ਚਪੜਾਸੀ ਨੂੰ) ਇਹ ਸੱਜ-ਪਿਛਾਖੜ ਸੋਚ ਕੀ ਹੁੰਦੀ ਐ ?

ਚਪੜਾਸੀ – (ਮਖੌਲ 'ਚ) ਇਹੀ ਨਹੀਂ ਪਤਾ। ਬਜ਼ੁਰਗਾ, ਕਿਉਂਕਿ ਤੂੰ ਬੈਂਚ ਦੇ ਸਜੇ ਪਾਸੇ ਬੈਠ ਕੇ ਪੈਨਸ਼ਨ ਬਾਰੇ ਸੋਚ ਰਿਹੈਂ।

[ਬਜ਼ੁਰਗ ਉਠਦਾ ਹੈ, ਤੇ ਬੈਂਚ ਦੇ ਖਬੇ ਹੱਥ ਬੈਠ ਜਾਂਦਾ ਹੈ।]

ਬਜ਼ੁਰਗ – ਕਿਉਂ ਠੀਕ ਐ ?

ਚਪੜਾਸੀ – ਬਿਲਕੁਲ ਠੀਕ। ਹੁਣ ਤੂੰ ਚਾਹੇ ਜੋ ਕੁਝ ਸੋਚ। ਇਸ ਤਰ੍ਹਾਂ ਸੋਚੀਂ, ਕਿ ਤੇਰੀ ਖਬੀ ਸੋਚ ਮਜ਼ਬੂਤ ਬਣ ਜਾਵੇ, ਨਹੀਂ ਬੈਂਚ ਦੇ ਖਬੇ ਪਾਸੇ ਬੈਠਣ ਦਾ ਕੋਈ ਫਈਦਾ ਨਹੀਂ।

[ਸਫੇਦ ਕਮੀਜ਼ ਪਜਾਮੇ ਵਾਲਾ ਨੌਜਵਾਨ ਆਉਂਦਾ ਹੈ।]

ਸਫੇਦ ਕਮੀਜ਼ ਵਾਲਾ ਨੌਜਵਾਨ – (ਚਪੜਾਸੀ) ਇਹ ਬਜ਼ੁਰਗ ਇਥੇ ਕਦੋਂ ਦਾ ਬੈਠਾ ਹੈ ?

ਚਪੜਾਸੀ – ਜੀ, ਦੁਪਿਹਰ ਦਾ।

ਸ. ਕ. ਵਾ. ਨੌਜਵਾਨ – ਕਿਸਨੂੰ ਮਿਲਣਾ ਹੈ ਇਸਨੇ ?

ਚਪੜਾਸੀ – ਜੀ, ਮੁਖ ਮੰਤਰੀ ਜੀ ਨੂੰ।

ਬਜ਼ੁਰਗ – (ਉਠਦਾ ਹੈ, ਨੌਜਵਾਨ ਨੂੰ ਹੱਥ ਬੰਨਦਾ ਹੈ) ਜੀ, ਮੇਰਾ ਪੈਨਸ਼ਨ ਦਾ ਕੰਮ ਐ। ਥੋੜਾ ਬੜਾ ਭਲਾ ਹੋਵੇ, ਜੇ ਮੇਰੇ ਕਾਗ਼ਜਾ ਤੇ ਮੁੱਖ-ਮੰਤਰੀ ਜੀ ਦੇ ਦਸਖਤ ਕਰਵਾ ਦਿਓ।

ਸ.ਕ.ਵਾ. ਨੌਜਵਾਨ – ਬੈਠੋ, ਬੈਠੋ, (ਚਪੜਾਸੀ ਨੂੰ) ਤੂੰ ਹਾਲੇ ਤਕ ਬਜ਼ੁਰਗ ਨੂੰ ਮੁਖ-ਮੰਤਰੀ ਜੀ ਨਾਲ ਨਹੀਂ ਮਿਲਾਇਆ। ਜੇ ਲੋਕਾਂ ਨੂੰ ਇਸੇ ਤਰ੍ਹਾਂ ਮੁਖ-ਮੰਤਰੀ ਜੀ ਨੂੰ ਮਿਲਣ ਲਈ ਵਕਤ ਨਾ ਮਿਲਿਆ, ਤਾਂ ਸਾਡੀ ਪਾਰਟੀ ਤਾਂ ਬਦਨਾਮ ਹੋਵੇ ਦੀ ਗੀ, ਤੇ ਨਾਲ ਸਰਕਾਰ ਦਾ ਵੀ ਖਾਤਮਾ ਸਮਝੋ।

ਚਪੜਾਸੀ – ਮੁਖ-ਮੰਤਰੀ ਜੀ ਰੁਝੇ ਹੋਏ ਹਨ। ਉਹਨਾਂ ਦਾ ਹੁਕਮ ਐ, ਅਜ ਉਨਾਂ ਨੇ ਕਿਸੇ ਨੂੰ ਨਹੀਂ ਮਿਲਣਾ।

ਸ.ਕ.ਵਾ. ਨੌਜਵਾਨ – ਪਰ ਇਨ੍ਹਾਂ ਦੀ ਪੈਨਸ਼ਨ ਦਾ ਕੰਮ ਵੀ ਤਾਂ ਜ਼ਰੂਰੀ ਹੈ।

ਚਪੜਾਸੀ – ਪਰ ਮੁਖ-ਮੰਤਰੀ ਜੀ...।

ਸ.ਕ.ਵਾ. ਨੌਜਵਾਨ – ਮੈਂ ਹੁਣੇ ਪੀ.ਏ. ਨਾਲ ਜਾ ਕੇ ਗਲ ਕਰਦਾ। (ਬਜ਼ੁਰਗ ਨੂੰ) ਕੀ ਤੂੰ ਪੈਨਸ਼ਨ ਲਈ ਅਰਜ਼ੀ ਦੇ ਰਖੀ ਐ ?

ਬਜ਼ੁਰਗ – (ਉਠ ਕੇ) ਹਾਂ, ਜੀ। ਮੈਂ ਹਰ ਨਵੀਂ ਸਰਕਾਰ ਬਨਣ ਤੇ ਨਵੀਂ ਅਰਜ਼ੀ ਦਿਤੀ ਐ। ਪਰ ਹਾਲੇ ਤਕ ਮੈਨੂੰ ਪੈਨਸ਼ਨ ਨਹੀਂ ਮਿਲੀ।

ਸ.ਕ.ਵਾ. ਨੌਜਵਾਨ – ਘਬਰਾਓ ਨਾ। ਤੁਸੀਂ ਅਰਾਮ ਨਾਲ ਬੈਂਚ ਤੇ ਬੈਠੋ। ਇਸੇ ਵਾਰ ਤੈਨੂੰ ਜ਼ਰੂਰ ਪੈਨਸ਼ਨ ਮਿਲੇਗੀ। (ਸੋਚਦਾ ਹੈ) ਤੇਰਾ ਕੰਮ ਕਾਫੀ ਵਡਾ ਹੈ। ਪੀ.ਏ. ਸਾਹਿਬ ਦਾ ਮੂੰਹ ਅਜ ਕਲ ਕਾਫੀ ਖੁਲ ਚੁਕਾ ਹੈ। ਪੈਸੇ ਬਿਨਾ ਕੋਈ ਕੰਮ ਨਹੀਂ ਕਰਦਾ।

ਬਜ਼ੁਰਗ – (ਗੀਡੇ ਵਿਚੋਂ ਕੁਝ ਰੁਪੈ ਕਢ ਕੇ ਗਿਣਦਾ ਹੈ) ਜੀ, ਮੇਰੇ ਕੋਲ਼ ਬਰ ਖੰਚਾ ਕੇ, ਇਹ ਪੰਜ-ਸਤ ਰੁਪੈ ਹੀ ਬਚੇ ਨੇ। ਜੇ ਇਨ੍ਹਾਂ ਨਾਲ ਪੀ.ਏ. ਸਾਬ ਦਾ ਮੂੰਹ ਬੰਦ ਹੋਵੇ।

ਸ.ਕ.ਵਾ. ਨੌਜਵਾਨ – (ਰੁਪੈ ਫੜਕੇ) ਦਸਾਂ ਦੀ ਕਬੰਖਤ ਚਾਹ ਹੀ ਪੀ ਜਾਂਦੈ। ਨਾਲੇ ਹੁਣ ਸ਼ਾਮ ਵੀ ਹੋ ਰਹੀ ਹੈ। ਚਲੋ, ਫੇਰ ਵੀ ਕੋਸ਼ਿਸ਼ ਕਰਦਾ ਜਾ ਕੇ।

[ਸਫੇਦ ਕਮੀਜ਼ ਪਜਾਮੇ ਵਾਲਾ ਪੀ.ਏ. ਦੇ ਕਮਰੇ ਵਿਚ ਚਲਾ ਜਾਂਦਾ ਹੈ।]

ਬਜ਼ੁਰਗ – ਰੱਬ ਇਹਦੀ ਲੰਮੀ ਉਮਰ ਕਰੇ।

ਚਪੜਾਸੀ – ਇਹ ਪਾਰਟੀ ਦਾ ਪਰਚਾਰ ਸਕੱਤਰ ਹੈ। ਗ਼ਰੀਬ ਲੋਕਾਂ ਦੇ ਬੜੇ ਕੰਮ ਕਰਦੈ।

ਬਜ਼ੁਰਗ – (ਉਠਕੇ) ਸ੍ਰੀ ਮਾਤੂ ਰਾਮ ਜੀ, ਜੇਕਰ ਤੁਸੀਂ ਗੁੱਸਾ ਨਾ ਕਰੋ, ਤਾਂ ਇਕ ਗੱਲ ਪੁਛਾਂ।

ਚਪੜਾਸੀ – ਇਕ ਹੀ ਕਿਉਂ, ਹਜ਼ਾਰ ਪੁਛੋ।

ਬਜ਼ੁਰਗ – ਥੋਨੂੰ ਸਰਕਾਰ ਤਨਖਾਹ ਨਹੀਂ ਦਿੰਦੀ ?

ਚਪੜਾਸੀ – ਕੀ ਮਤਲਬ ?

ਬਜ਼ੁਰਗ – ਇਥੇ ਪੌੜੀਆਂ ਚੜਨ ਦੇ ਪੈਸੇ ਦੇਣੇ ਪੈਂਦੇ ਹਨ। ਵਰਾਂਡੇ ਵਿਚ ਤੁਰਨ ਦਾ ਟੈਕਸ ਹੈ। ਬੈਂਚ ਤੇ ਬੈਠਣ ਦਾ ਕਿਰਾਇਆ ਹੈ। ਪੀ.ਏ. ਤੋਂ ਕੰਮ ਕਰਵਾਉਣਾ ਹੋਵੇ, ਤਾਂ ਪੈਸੇ ਚਾਹੀਦੇ ਹਨ। ਬਾਕੀ ਕਿਤਾਬਾਂ ਫੋਲਣ ਵਾਲਿਆਂ ਦੀ ਮੈਂ ਇਕ ਵੀ ਗੱਲ ਨਹੀਂ ਸਮਝਿਆ।

ਚਪੜਾਸੀ – ਬਜ਼ੁਰਗਾ, ਜੇ ਤੂੰ ਚੁਪ ਰਹੇ, ਤਾਂ ਹੀ ਚੰਗੀ। ਇਥੇ ਹਰ ਕੋਈ ਭੁਖਾ ਹੈ। ਗਿਠ ਗਿਠ ਲੰਮੀ ਜੀਭ ਲਮਕਾਈ ਅਫਸਰ ਫਿਰਦੇ ਨੇ ਇਥੇ। ਮੰਤਰੀਆਂ ਦੇ ਕਪੜੇ ਜਿਨੇ ਚਿੱਟੇ ਹਨ ਉਤਨੇ ਹੀ ਇਹ ਅੰਦਰੋਂ ਕਾਲੇ ਨੇ।

ਬਜ਼ੁਰਗ – ਇਥੇ ਪੁਜਿਆਂ, ਤਾਂ ਰਾਜਧਾਨੀ ਦੀਆਂ ਵਡੀਆਂ ਵਡੀਆਂ ਬਿਲਡਿੰਗਾਂ ਵੇਖ ਕੇ, ਮੇਰੀਆਂ ਅੱਖਾਂ ਚੁੰਧਿਆ ਗਈਆਂ ਸਨ। ਮੈਨੂੰ ਮੇਰੇ ਪਿੰਡ ਕਚੇ ਕੋਠੇ ਚਿਕੜ ਨਾਲ ਭਰੀਆਂ ਗਲੀਆਂ। ਇਕ ਵਾਰ ਤਾਂ ਮੈਨੂੰ ਓਪਰੀਆਂ ਓਪਰੀਆਂ ਲਗੀਆਂ ਸਨ। ਇਥੇ ਰੰਗ ਬਰੰਗੀਆਂ ਰੌਸ਼ਨੀਆਂ ਵੇਖ ਕੇ ਇਕ ਵਾਰ ਤਾਂ ਮੈਨੂੰ ਆਪਣੇ ਪਿੰਡ ਦੇ ਬਚਿਆਂ ਦੇ ਸੁਆਖੇ ਚਿਹਰੇ, ਜੁਆਨਾਂ ਦੇ ਉਦਾਸ ਮੂੰਹ ਤੇ ਮੇਰੇ ਵਰਗੇ ਬਜ਼ੁਰਗਾਂ ਦੀਆਂ ਰੋ ਰਹੀਆਂ ਅੱਖਾਂ ਸੁਪਨਾ ਹੀ ਲਗੀਆਂ ਸਨ।

ਚਪੜਾਸੀ – ਬਜ਼ੁਰਗਾ, ਤੇਰੇ ਪਿੰਡ ਨਾਲ ਇਥੇ ਕੁਝ ਨਹੀਂ ਮਿਲਦਾ।

ਬਜ਼ੁਰਗ – ਇਹ ਸ਼ਹਿਰ-ਸ਼ਹਿਰਾਂ ਦੀ ਰਾਜਧਾਨੀ ਤਾਂ ਬਣ ਗਿਆ, ਪਰ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦੀ ਰਾਜਧਾਨੀ ਨਹੀਂ ਬਣ ਸਕਿਆ। ਜ਼ਿੰਦਗੀ ਵੀ ਮੇਰੇ ਨਾਲ ਕਿਹੋ ਜਿਹਾ ਮਖੌਲ ਕਰ ਰਹੀ ਹੈ। ਦੇਸ ਦੀ ਆਜ਼ਾਦੀ ਤੋਂ ਪੰਜਵੇਂ ਸਾਲ ਮੇਰਾ ਬਾਪ ਛਡ ਕੇ ਚਲਾ ਗਿਆ ਸੀ, ਕਿਉਂਕਿ ਜਿਹੋ ਜਿਹੀ ਰੌਸ਼ਨੀ ਦੀ ਤਲਾਸ਼ ਉਸਨੇ ਬਦੇਸ਼ੀ ਸਰਕਾਰ ਦੀਆਂ ਜ਼ੇਲਾਂ 'ਚ ਰਹਿ ਕੇ ਕੀਤੀ ਸੀ, ਇਹੋ ਜਿਹੀ ਰੌਸ਼ਨੀ ਆਜ਼ਾਦ ਹੋ ਕੇ ਵੀ ਹੋਈ। ਅਜ਼ਾਦੀ ਦੀ ਜਦੋਂ ਪੰਦ੍ਰਵੀ ਵਰ੍ਹੇ ਗੰਢ ਮਨਾਈ ਜਾ ਰਹੀ ਸੀ, ਤਾਂ ਪੁਲਿਸ ਨੇ ਮੇਰੇ ਭਰਾ ਨੂੰ ਖਤਮ ਕਰ ਦਿਤਾ ਸੀ, ਕਿਉਂਕਿ ਜਿਨ੍ਹਾਂ ਖੇਤਾਂ ਵਿਚ ਅਸੀਂ ਕੰਮ ਕਰਦੇ ਆ ਰਹੇ ਸਾਂ, ਉਨ੍ਹਾਂ ਖੇਤਾਂ ਵਿਚੋਂ ਉਸਨੂੰ ਆਪਣੇ ਮੁੜ੍ਹਕੇ ਦੀ ਖੁਸ਼ਬੂ ਆ ਗਈ ਸੀ, ਪਰ ਜਾਗੀਰਦਾਰਾਂ ਨੂੰ ਇਹ ਸ਼ਗੁਨ ਚੰਗਾ ਨਹੀਂ ਸੀ ਲਗਿਆ। ਮੇਰਾ ਨੌਜਵਾਨ ਡਿਗਰੀ ਲੈਣ ਬਆਦ ਜਦੋਂ ਨੌਕਰੀ ਦੀ ਤਲਾਸ਼ ਵਿਚ ਘਰੋਂ ਬਾਹਰ

ਮੈਨੂੰ ਪੈਨਸ਼ਨ ਦਿਵਾ ਦੇਵੇਗੀ ?

ਲਾ.ਕ.ਵਾ. ਨੌਜਵਾਨ — ਪੈਨਸ਼ਨ ਵਾਲਾ ਕੰਮ ਬਹੁਤ ਮਾਮੂਲੀ ਐ । ਅਸੀਂ ਸੰਘਰਸ਼ ਦੇ ਲੰਮੇ ਰਾਹ 'ਤੇ ਪਏ ਹੋਏ ਹਾਂ । ਤੈਨੂੰ ਵੀ ਇਸ ਸੰਘਰਸ਼ ਵਿਚ ਸ਼ਾਮਲ ਹੋਣਾ ਪਵੇਗਾ । ਇਥੋਂ ਤਕ ਤੈਨੂੰ ਆ ਰਹੇ ਇਨਕਲਾਬ ਲਈ ਸਭ ਕੁਝ ਕੁਰਬਾਨ ਕਰ ਦੇਣਾ ਹੋਵੇਗਾ ।

ਬਜ਼ੁਰਗ — ਮੈਂ ਤਾਂ ਹੁਣ ਹੱਡੀਆਂ ਦਾ ਪਿੰਜਰ ਹਾਂ । ਮੈਂ ਇਨਕਲਾਬ ਲਈ ਕੀ ਕਰ ਸਕਦਾਂ ।

ਲਾ.ਕ.ਵਾ. ਨੌਜਵਾਨ — ਹੱਡੀਆਂ ਦੇ ਪਿੰਜਰਾਂ ਤੇ ਹੀ ਇਨਕਲਾਬ ਦਾ ਮਹੱਲ ਉਸਰਦਾ ਹੈ । (ਮੋਢੇ ਨਾਲ ਲਟਕਦੇ ਝੋਲੇ ਵਿਚ ਹੱਥ ਪਾ ਕੇ) ਹਾਲ ਘੜੀ ਘੜੀ ਤੂੰ ਇੰਝ ਕਰ । (ਝੋਲੇ ਵਿਚੋਂ ਕੁਝ ਕਿਤਾਬਾਂ ਕੱਢ ਕੇ) ਤੈਨੂੰ ਇਨਕਲਾਬ ਦੀ ਤਿਆਰੀ ਲਈ ਇਹ ਸਾਰੀਆਂ ਕਿਤਾਬਾਂ ਪੜ੍ਹਨੀਆਂ ਪੈਣਗੀਆਂ । (ਚਾਰ ਕਿਤਾਬਾਂ ਬਜ਼ੁਰਗੀ ਨੂੰ ਸਿਰਲੇਖ ਪੜ੍ਹ ਕੇ ਦਿੰਦਾ ਹੋਇਆ) ।

'ਇਨਕਲਾਬ ਦੇ ਰਾਹ ਕਿਵੇਂ ਪਈਦਾ ਹੈ ?'

'ਸੱਚਾ ਇਨਕਲਾਬੀ ਬਨਣ ਦੇ ਤਰੀਕੇ ।'

'ਲੜਾਈ ਵਿਚ ਅਗੇ ਤੇ ਪਿਛੇ ਹੋਣ ਦੇ ਤਰੀਕੇ ।'

'ਸਮਝੌਤਾ ਕਰਕੇ, ਕੁਝ ਪ੍ਰਾਪਤ ਕਰਨ ਦਾ ਰਾਹ ।'

(ਕਿਤਾਬਾਂ ਦੇਣ ਬਾਅਦ) ਇਹ ਸਾਰੀਆਂ ਕਿਤਾਬਾਂ ਪੜ੍ਹਨ ਬਾਅਦ, ਤੈਨੂੰ ਪਤਾ ਲਗੇਗਾ, ਕਿ ਸਰਕਾਰ ਉਤੇ ਕਿਸ ਦਾ ਕਬਜ਼ਾ ਹੈ ।

ਬਜ਼ੁਰਗ — ਤੇਰੇ ਖ਼ਿਆਲ ਵਿਚ ਮੈਨੂੰ ਇਹ ਹੀ ਨਹੀਂ ਪਤਾ ਕਿ ਸਰਕਾਰ ਉਤੇ ਕਿਸ ਦਾ ਕਬਜ਼ਾ ਹੈ ।

ਲਾ.ਕ.ਵਾ. ਨੌਜਵਾਨ — ਇਹ ਇਤਨੀ ਸਿੱਧੀ ਗੱਲ ਨਹੀਂ ਜਿੰਨੀ ਕਿ ਤੂੰ ਸਮਝਦੈਂ । ਪਹਿਲਾਂ ਤੂੰ ਇਹ ਕਿਤਾਬਾਂ ਪੜ੍ਹ । ਫੇਰ ਤੈਨੂੰ ਹੋਰ ਇਨਕਲਾਬੀ ਸਾਹਿਤ ਪੜ੍ਹਨ ਨੂੰ ਦਿਤਾ ਜਾਵੇਗਾ । (ਸੋਚ ਕੇ) ਇਹੋ ਕਿਤਾਬਾਂ ਜੇ ਤੂੰ ਸਾਡੀ ਦੁਕਾਨ ਤੋਂ ਖ਼ਰੀਦਦਾ, ਤਾਂ ਤੈਨੂੰ ਇਹਨਾਂ ਦੇ ਬਾਰ੍ਹਾਂ ਰੁਪੈ ਦੇਣੇ ਪੈਂਦੇ । ਕਿਉਂ ਕਿ ਮੈਂ ਇਨਕਲਾਬ ਦਾ ਪ੍ਰਚਾਰ ਕਰ ਰਿਹਾਂ, ਤੇਰੇ ਕੋਲੋਂ ਸਿਰਫ਼ ਲਾਗਤ ਹੀ ਲਵਾਂਗਾ, ਸਿਰਫ਼ ਪੰਜ ਰੁਪੈ ।

ਬਜ਼ੁਰਗ — ਪੰਜ ਰੁਪੈ !

ਲਾ.ਕ.ਵਾ. ਨੌਜਵਾਨ — ਹੈਰਾਨ ਨਾ ਹੋ । ਪੜ੍ਹਨ ਤੋਂ ਬਾਅਦ ਤੇਰੀਆਂ ਅੱਖਾਂ ਖੁੱਲ੍ਹ ਜਾਣਗੀਆਂ, ਚੌਹੇ ਪਾਸੇ ਤੈਨੂੰ ਚਾਨਣ ਹੀ ਚਾਨਣ ਨਜ਼ਰ ਆਵੇਗਾ ।

[ ਬਜ਼ੁਰਗ ਆਪਣੇ ਹੱਥ ਵਿਚ ਫੜਿਆ ਪੰਜ ਦਾ ਨੋਟ ਲਾਲ ਕਮੀਜ਼ ਵਾਲੇ ਨੌਜਵਾਨ ਨੂੰ ਦੇ ਦਿੰਦਾ ਹੈ । ਨੌਜਵਾਨ ਉਥੋਂ ਤੁਰਨ ਲੱਗਦਾ ਹੈ । ]

ਬਜ਼ੁਰਗ — (ਨੌਜਵਾਨ ਨੂੰ) ਪਰ ਮੇਰੀ ਪੈਨਸ਼ਨ ਲਈ ਤਾਂ ਕੁਝ ਕਰਦੇ ਜਾਵੋ ।

ਲਾ.ਕ.ਵਾ. ਨੌਜਵਾਨ — ਬਜ਼ੁਰਗਾ, ਤੇਰੀ ਨਿੱਕ ਬੁਰਜੂਆ ਸੋਚ ਐ । ਤੂੰ ਹੁਣ ਲੰਮੇ ਸੰਘਰਸ਼ ਦੇ ਰਾਹ ਪੈ ਗਿਐਂ । ਇਹਨਾਂ ਪੇਟੀ ਗੱਲਾਂ ਦਾ ਫ਼ਿਕਰ ਨਾ ਕਰ ।

[ ਲਾਲ ਕਮੀਜ਼ ਵਾਲਾ ਨੌਜਵਾਨ ਚਲਾ ਜਾਂਦਾ ਹੈ ।

ਬਜ਼ੁਰਗ — (ਕਿਤਾਬਾਂ ਨੂੰ ਉਲਥਾ ਕੇ ਵੇਖਦਾ ਹੋਇਆ) ਇਹ ਜਾਨਣ ਲਈ ਕਿ ਸਰਕਾਰ ਉਤੇ ਕਿਸ ਦਾ ਕਬਜ਼ਾ ਹੈ, ਮੈਨੂੰ ਇਹ ਸਾਰੀਆਂ ਕਿਤਾਬਾਂ ਪੜ੍ਹਨੀਆਂ ਪੈਣਗੀਆਂ । ਪੈਨਸ਼ਨ ਦਾ ਬੰਦੋਬਸਤ ਹੋ ਜਾਂਦਾ, ਤਾਂ ਅਰਾਮ ਨਾਲ ਘਰ ਬਹਿ ਕੇ ਇਹਨਾਂ ਕਿਤਾਬਾਂ ਨੂੰ ਪੜ੍ਹਦਾ, ਤੇ ਇਨਕਲਾਬ ਦੇ ਆਉਣ ਦਾ ਪਤਾ ਲਾਉਂਦਾ । ਪਰ ਇਹ ਜਾਂਦਾ ਜਾਂਦਾ ਕੀ ਕਹਿ ਗਿਆ, ਕਿ ਮੇਰੀ ਸੋਚ ਨਿੱਕ-ਬੁਰਜੂਆ ਹੈ ।

[ ਚਪੜਾਸੀ ਪੀ.ਏ. ਦੇ ਦਫ਼ਤਰ ਵਿਚੋਂ ਨਿਕਲਦਾ ਹੈ, ਤੇ ਬਾਹਰ ਆ ਕੇ ਆਪਣੇ ਸਟੂਲ ਤੇ ਬਹਿ ਜਾਂਦਾ ਹੈ । ]

ਬਜ਼ੁਰਗ — ਸ੍ਰੀ ਮਾਤੂ ਰਾਮ ਜੀ, ਨਿੱਕ-ਬੁਰਜੂਆ ਸੋਚ ਕਿਸ ਨੂੰ ਆਖਦੇ ਹਨ ?

ਚਪੜਾਸੀ — ਜਿਹੜਾ ਨਿੱਕੀਆਂ ਨਿੱਕੀਆਂ ਗੱਲਾਂ ਬਾਰੇ ਸੋਚੇ । ਜਿਵੇਂ ਕਿ ਹੁਣ ਤੂੰ ਸੋਚ ਰਿਹੈਂ, ਕਿ ਸ੍ਰੀ ਮਾਤੂ ਰਾਮ ਜੀ ਨੂੰ ਪੰਜ ਰੁਪੈ ਦੇਵਾਂ ਜਾਂ ਆਪਣਾ ਕੰਮ ਕਰਾਏ ਬਿਨਾ ਹੀ ਪਿੰਡ ਵਾਪਿਸ ਚਲਾ ਜਾਵਾਂ । ਇਹਨੂੰ ਆਖਦੇ ਨੇ ਨਿੱਕ-ਬੁਰਜੂਆ ਸੋਚ ।

ਬਜ਼ੁਰਗ — ਤੁਸੀਂ ਪੰਜ ਰੁਪੈ ਜ਼ਰੂਰ ਲਵੋ । (ਗੀਝੇ ਵਿਚੋਂ ਪੰਜ ਰੁਪੈ ਕਢ ਕੇ ਉਸ ਨੂੰ ਫੜਾਂਦਾ ਹੈ ।) ਕਿਵੇਂ ਨਾ ਕਿਵੇਂ ਮੇਰੀ ਪੈਨਸ਼ਨ ਦਾ ਕੰਮ ਕਰਵਾ ਦਿਓ ।

ਚਪੜਾਸੀ — (ਪੰਜਾਂ ਦਾ ਨੋਟ ਜੇਬ ਵਿਚ ਪਾ ਕੇ) ਇਹ ਹੋਈ ਨਾ ਵਡੀ ਬੁਰਜੂਆ ਸੋਚ । (ਉਠ ਕੇ ਮੁਖ ਮੰਤਰੀ ਦੇ ਕਮਰੇ ਦੇ ਪਰਦੇ ਰਾਹੀਂ ਅੰਦਰ ਵੇਖਦਾ ਹੈ) ਮੇਰੇ ਖ਼ਿਆਲ 'ਚ ਮੁਖ ਮੰਤਰੀ ਜੀ ਤੇਰੀ ਪੈਨ-ਸ਼ਨ ਦੇ ਕੰਮ ਵਿਚ ਹੀ ਰੁਝੇ ਹੋਏ ਹਨ । ਤੂੰ ਹੁਣ ਅਰਾਮ ਨਾਲ ਇਥੇ ਬੈਠ ਕੇ, ਆਪਣੇ ਪੈਨਸ਼ਨ ਦੇ ਕਾਗਜ਼ਾਂ ਦੀ ਉਡੀਕ ਕਰ ।

[ ਇਕ ਨੇਤਾ ਕਿਸਮ ਦਾ ਬੰਦਾ ਆਉਂਦਾ ਹੈ । ਚਪੜਾਸੀ ਸਟੂਲ ਤੋਂ ਉਠ ਕੇ ਉਸ ਨੂੰ ਸਲੂਟ ਮਾਰਦਾ ਹੈ । ਉਹ ਬੰਦਾ ਸਿੱਧਾ ਮੁਖ-ਮੰਤਰੀ ਦੇ ਦਫ਼ਤਰ ਅੰਦਰ ਚਲਾ ਜਾਂਦਾ ਹੈ । ]

ਬਜ਼ੁਰਗ — ਇਹ ਕੌਣ ਸੀ, ਜੋ ਸਿੱਧਾ ਮੁੱਖ ਮੰਤਰੀ ਦੇ ਦਫ਼ਤਰ ਅੰਦਰ ਚਲਾ ਗਿਐ ?

ਚਪੜਾਸੀ — ਤੋਂ ਕੀ ਲੈਣੈਂ । ਇਥੇ ਹਰ ਪ੍ਰਕਾਰ ਦੇ

ਬੰਦੇ ਆਉਂਦੇ ਹਨ। ਕੁਛ ਪੁੱਛ ਕੇ ਅੰਦਰ ਜਾਣ ਵਾਲੇ। ਕੁਛ ਸਿੱਧੇ ਅੰਦਰ ਜਾਣ ਵਾਲੇ। ਕੁਛ ਤੇਰੇ ਵਰਗੇ, ਇਸ ਬੈਂਚ 'ਤੇ ਬੈਠਣ ਵਾਲੇ। ਨਾਲੇ ਤੂੰ ਸਮਝਦੈਂ, ਪੰਜ ਰੁਪੈ ਵਿਚ ਮੈਂ ਤੈਨੂੰ ਸਰਕਾਰ ਦੇ ਸਾਰੇ ਭੇਦ ਦੱਸ ਦਿਆਂ। ਤੂੰ ਪੰਜ ਰੁਪੈ ਬੈਂਚ 'ਤੇ ਬੈਠਣ ਦੇ ਦਿਤੇ ਨੇ, ਕੋਈ ਗੱਲ ਪੁਛਣ ਦੇ ਨਹੀਂ। ਸਮਝਿਆ।

ਬਜ਼ੁਰਗ — ਪੈਸਿਆਂ ਨੂੰ ਮਾਰ ਗੋਲੀ। ਮੈਂ ਤਾਂ ਉਂਝ ਹੀ ਪੁਛਿਆ ਸੀ।

ਚਪੜਾਸੀ — ਤਾਂ ਫੇਰ ਸੁਣ। ਇਹ ਸ਼ਹਿਰ ਦਾ ਸਭ ਤੋਂ ਵਡਾ ਕਾਰਖ਼ਾਨੇਦਾਰ ਐ। ਤਿੰਨ ਇਹਦੇ ਸਿਨੇਮੇ ਹਨ। ਸੌ ਇਹਦੀਆਂ ਟੈਕਸੀਆਂ ਹਨ। ਪੰਜਾਹ ਹੋਟਲਾਂ ਦਾ ਮਾਲਕ ਐ। ਪੜਨੀ ਇਹਦੀ ਲੋਕ ਸਭਾ ਦੀ ਮੈਂਬਰ ਐ, ਤੇ ਲੜਕਾ...

ਬਜ਼ੁਰਗ — ਮੇਰਾ ਮਤਲਬ ਸੀ...

ਚਪੜਾਸੀ — ਤੇਰੇ ਮਤਲਬ ਦਾ ਇਥੇ ਕੋਈ ਬੰਦਾ ਨਹੀਂ ਆਉਣਾ। ਤੂੰ ਅਰਾਮ ਨਾਲ ਬੈਠਾ ਰਹਿ, ਜਦੋਂ ਤਕ 'ਰੁੜੇ ਹੋਏ' ਦੀ ਬਿਜਲੀ ਨਹੀਂ ਬੁਝਦੀ।

[ ਇਕ ਨੌਜਵਾਨ ਸੁੰਦਰ ਲੜਕੀ ਆਉਂਦੀ ਹੈ। ਉਸ ਦੇ ਇਕ ਮੋਢੇ ਉਤੇ ਲੰਮਾ ਕਾਲਾ ਵਡਾ ਪਰਸ ਲਟਕ ਰਿਹਾ ਹੈ। ਦੂਜੇ ਹੱਥ ਥੱਬਾ ਕੁ ਕਾਗ਼ਜ਼ਾਂ ਦਾ ਹੈ। ]

ਲੜਕੀ — ਹੈਲੋ, ਸ੍ਰੀ ਮਾਤੂ ਰਾਮ ਜੀ ਕੈਸੇ ਹੋ ?

ਚਪੜਾਸੀ — (ਸ਼ਰਮਾ ਕੇ) ਵੈਸਾ ਹੀ ਹੂੰ।

ਲੜਕੀ — ਆਜ ਕੁਛ ਉਦਾਸ ਲੱਗ ਰਹੇ ਹੋ।

ਚਪੜਾਸੀ — ਇਸ ਕੰਬਖਤ ਮੌਸਮ ਨੇ ਉਦਾਸ ਕਰ ਦਿਤੈ।

ਲੜਕੀ — ਲਗਤਾ ਹੈ, ਆਜ ਕੋਈ ਮੁਰਗੀ ਨਹੀਂ ਫਸੀ ?

ਚਪੜਾਸੀ — (ਬਜ਼ੁਰਗ ਵਲ ਇਸ਼ਾਰਾ ਕਰਕੇ) ਫਸੀ ਤਾਂ ਹੈ, ਪਰ ਮੁਰਗੇ ਵਰਗੀ। ਅਜ ਤਾਂ ਜੀ ਤੁਸੀਂ ਬੜੀਆਂ ਅਰਜ਼ੀਆਂ ਚੁਕੀਆਂ ਨੇ।

ਲੜਕੀ — ਕੁਛ ਮਿੱਤਰੋਂ ਕੇ ਕਾਮ ਹੈਂ। ਸੋਚਾ ਆਜ ਹੀ ਕਰਵਾ ਲੂੰ।

ਚਪੜਾਸੀ — ਕਿਉਂ ਫੇਰ ਕਦੇ ਨਹੀਂ ਆਉਣਾ ?

ਲੜਕੀ — ਜ਼ਰੂਰ ਆਊਂਗੀ। ਸ੍ਰੀ ਮਾਤੂ ਰਾਮ ਜੀ ਉਦਾਸ ਮੱਤ ਹੋ। ਲਗਤਾ ਹੈ ਆਜ ਬੀੜੀ ਨਹੀਂ ਪੀ ਆਪਨੇ ?

ਚਪੜਾਸੀ — (ਮੁਸਕਰਾਉਂਦਾ ਹੈ) ਜੀ...ਅ...ਅ।

ਲੜਕੀ — (ਪਰਸ 'ਚੋਂ ਦੋ ਰੁਪੈ ਕਢ ਕੇ ਚਪੜਾਸੀ ਨੂੰ ਦਿੰਦੀ ਹੈ) ਆਜ ਅੱਛੀ ਸੀ ਸਿਗਰਟ ਪੀਣਾ। ਸਮਝੇ।

[ ਚਪੜਾਸੀ 2 ਦਾ ਨੋਟ ਲੈ ਕੇ ਮੁਸਕਰਾਉਂਦਾ ਹੈ। ਲੜਕੀ ਸਿੱਧੀ ਮੁਖ ਮੰਤਰੀ ਦੇ ਕਮਰੇ ਵਿਚ ਚਲੀ ਜਾਂਦੀ ਹੈ। ]

ਚਪੜਾਸੀ — ਦੇਖਿਆ, ਏਸ ਤਰ੍ਹਾਂ ਦੀਆਂ ਜ਼ਨਾਨੀਆਂ ਆਉਂਦੀਆਂ ਨੇ ਇਥੇ। ਹੱਸਦੀਆਂ ਹੱਸਦੀਆਂ, ਸ੍ਰੀ ਮਾਤੂ ਰਾਮ ਜੀ ਦੇ ਹੱਥਾਂ ਤੇ ਨੋਟ ਧਰ ਜਾਂਦੀਆਂ ਨੇ। (ਬਜ਼ੁਰਗ ਨੂੰ) ਹੁਣ ਤੂੰ ਪੁਛੇਂਗਾ, ਬਈ, ਇਹ ਕੌਣ ਸੀ। ਪੁਛੇਂਗਾ ਨਾ।

ਬਜ਼ੁਰਗ — ਜੇ ਕਹੇਂ ਤਾਂ ਨਹੀਂ ਪੁਛਦਾ। ਮੈਂ ਵੀ ਕਿਸ ਕਿਸ ਬਾਰੇ ਪੁਛਾਂਗਾ।

ਚਪੜਾਸੀ — ਇਹ ਅਖ਼ਬਾਰਾਂ 'ਚ ਖ਼ਬਰਾਂ ਭੇਜਣ ਦਾ ਕੰਮ ਕਰਦੀ ਐ। ਸਾਰੇ ਅਫ਼ਸਰ, ਸਾਰੇ ਮੰਤਰੀ ਇਹਤੋਂ ਬਹੁਤ ਡਰਦੇ ਨੇ। ਮੁਖ-ਮੰਤਰੀ ਤੋਂ ਜਿਹੜਾ ਕੰਮ ਚਾਹੇ, ਪੰਜ ਮਿੰਟਾਂ 'ਚ ਕਰਵਾ ਲੈਂਦੀ ਹੈ।

ਬਜ਼ੁਰਗ — ਤਾਂ ਮੇਰੀ ਵੀ ਅਰਜ਼ੀ ਫੜਾ ਦਿੰਦਾ ਇਹਨੂੰ ਮੇਰੀ ਵੀ ਪੈਨਸ਼ਨ ਲੱਗ ਜਾਂਦੀ।

ਚਪੜਾਸੀ — ਤੇਰੇ ਵਰਗਿਆਂ ਕੋਲ ਤਾਂ ਇਹ ਖੜਦੀ ਵੀ ਨਹੀਂ। ਇਹ ਤਾਂ ਇਸ ਸਟੂਲ ਨੂੰ ਸਲਾਮਾਂ ਪੈਂਦੀਆਂ ਨੇ। ਸ੍ਰੀ ਮਾਤੂ ਰਾਮ ਜੀ ਨੂੰ ਨਹੀਂ। ਨਾਲੇ ਇਹਦੇ ਯਰਾਨੇ ਤਾਂ ਵਡੇ ਵਡੇ ਬੰਦਿਆਂ ਨਾਲ ਨੇ। (ਬੀੜੀ ਕਢ ਕੇ ਲਾਉਂਦਾ ਹੈ।) ਕਹਿੰਦੀ ਸੀ, ਇਹਨਾਂ ਰੁਪਿਆਂ ਦੀ ਵਧੀਆ ਜਿਹੀ ਸਿਗਰਟ ਪੀਵੀਂ। (ਹੱਸ ਕੇ) ਕਮਲੀ ਨਾ ਹੋਵੇ ਤੇ।

[ ਕੇਸਰੀ ਕਮੀਜ਼ ਵਾਲਾ ਨੌਜਵਾਨ ਆਉਂਦਾ ਹੈ। ]

ਕੇਸਰੀ ਕਮੀਜ਼ ਵਾਲਾ ਨੌਜਵਾਨ — (ਬਜ਼ੁਰਗ ਨੂੰ) ਤੈਨੂੰ ਆਪਣੇ ਪੈਰਾਂ ਤੇ ਆਪ ਖੜਨਾ ਪਵੇਗਾ।

ਬਜ਼ੁਰਗ — ਮੈਂ ਸੱਤਰ ਸਾਲਾਂ ਤੋਂ ਆਪਣੇ ਹੀ ਪੈਰਾਂ ਤੇ ਖੜਾ ਹਾਂ। ਪਰ ਪੁੱਤਰਾ, ਹੁਣ ਪੈਰ ਜੁਆਬ ਦਿੰਦੇ ਲਗਦੇ ਨੇ।

ਕੇ.ਕ.ਵਾ. ਨੌਜਵਾਨ — ਜੇਕਰ ਤੂੰ ਇਨਕਲਾਬ ਦੇ ਰਾਹ ਤੇ ਪਿਆ ਹੁੰਦਾ, ਤਾਂ ਕਦੇ ਵੀ ਨਾ ਥੱਕਦਾ।

ਬਜ਼ੁਰਗ — ਇਨਕਲਾਬ ਦੇ ਰਾਹ ਤੇ ਤਾਂ ਮੈਨੂੰ ਪਤਾ ਨਹੀਂ, ਪਰ ਮੁਸੀਬਤ ਦੇ ਰਾਹ ਜੰਮਦਿਆਂ ਹੀ ਪੈ ਗਿਆ ਸੀ।

ਕੇ.ਕ.ਵਾ.ਨੌਜਵਾਨ - ਇਨਕਲਾਬ ਦੇ ਰਾਹ 'ਤੇ ਪੈ ਕੇ ਹੀ, ਮੁਸੀਬਤ ਦੂਰ ਹੁੰਦੀ ਹੈ। ਤੂੰ ਸਾਡੀ ਪਾਰਟੀ 'ਚ ਸ਼ਾਮਲ ਹੋ ਜਾ। ਅਸੀਂ ਤੇਰੇ ਹੱਕਾਂ ਲਈ ਅਵਾਜ਼ ਬੁਲੰਦ ਕਰਾਂਗੇ।

ਬਜ਼ੁਰਗ — ਕਿਹੜੇ ਕਿਹੜੇ ਹੱਕਾਂ ਲਈ ਅਵਾਜ਼ ਬੁਲੰਦ ਕਰੋਗੇ ਤੁਸੀਂ ?

ਕੇ.ਕ.ਵਾ.ਨੌਜਵਾਨ – ਇਹੋ, ਕਿ ਤੈਨੂੰ ਦੋ ਡੰਗ ਦੀ ਰੋਟੀ ਮਿਲੇ। ਚੰਗੇ ਕਪੜੇ ਮਿਲਣ। ਤੇਰੇ ਕੋਲ ਇਕ ਨਿੱਕਾ ਜਿਹਾ ਮਕਾਨ ਹੋਵੇ।

ਬਜ਼ੁਰਗ – ਤਾਂ ਫੇਰ ਦਵਾ ਦਿਓ।

ਕੇ.ਕਾ.ਵਾ.ਨੌਜਵਾਨ – ਇਹ ਸਭ ਕੁਝ ਤੈਨੂੰ ਤਾਂ ਹੀ ਪ੍ਰਾਪਤ ਹੋਵੇਗਾ, ਜੇਕਰ ਤੂੰ ਸਾਡੀ ਪਾਰਟੀ ਦੇ ਕੁਝ ਸਿਧਾਂਤ ਸਿਖੇਂ। (ਝੋਲੇ ਵਿਚ ਹੱਥ ਪਾ ਕੇ ਪੰਜ ਕਿਤਾਬਾਂ ਕੱਢਦਾ ਹੈ।) ਤੈਨੂੰ ਇਹ ਕਿਤਾਬਾਂ ਪੜ੍ਹਨੀਆਂ ਪੈਣਗੀਆਂ।

'ਸੰਘਰਸ਼ ਕੀ ਐ?'

'ਸਰਮਾਏਦਾਰੀ ਦਾ ਅਖ਼ੀਰਲਾ ਹਥਿਆਰ'

'ਨਵ-ਬਸਤੀਵਾਦ ਦਾ ਕਿਵੇਂ ਖ਼ਾਤਮਾ ਹੋਵੇ'

'ਅੰਤਰ-ਰਾਸ਼ਟਰੀ ਮਜ਼ਦੂਰ ਭਾਈਚਾਰ ਕਿਵੇਂ ਇਕ ਹੋਵੇ'

ਦੁਨੀਆਂ ਭਰ ਦੇ ਇਨਕਲਾਬੀਓ, ਇਕ ਹੋ ਜਾਵੋ'

[ਸਾਰੀਆਂ ਕਿਤਾਬਾਂ ਬਜ਼ੁਰਗ ਨੂੰ ਫੜਾ ਦਿੰਦਾ ਹੈ।]

ਬਜ਼ੁਰਗ – (ਕਿਤਾਬਾਂ ਲੈ ਕੇ) ਇਤਨੀਆਂ ਸਾਰੀਆਂ ਕਿਤਾਬਾਂ ਮੈਂ ਕਿਵੇਂ ਪੜ੍ਹ ਸਕੂੰਗਾ?

ਕੇ.ਕ.ਵਾ. ਨੌਜਵਾਨ – ਇਨਕਲਾਬੀਆਂ ਹਿੰਮਤ ਨਹੀਂ ਹਾਰੀਦੀ।

[ਬਜ਼ੁਰਗ ਬੈਂਚ ਉਤੇ ਪਈਆਂ ਕਿਤਾਬਾਂ ਚੁਕ ਕੇ ਕੇਸਰੀ ਕਮੀਜ਼ ਵਾਲੇ ਨੂੰ ਦਿੰਦਾ ਹੈ।]

ਬਜ਼ੁਰਗ – ਮੈਨੂੰ ਪਹਿਲਾਂ ਇਹ ਕਿਤਾਬਾਂ ਪੜ੍ਹਨ ਲਈ ਇਕ ਨੌਜਵਾਨ ਦੇ ਗਿਐ।

[ਕੇਸਰੀ ਕਮੀਜ਼ ਵਾਲਾ ਇਕ ਇਕ ਕਰਕੇ ਕਿਤਾਬਾਂ ਦੇ ਸਿਰਲੇਖ ਫੜਦਾ ਹੈ।

ਕੇ, ਕ. ਵਾ. ਨੌਜਵਾਨ – ਇਹ ਕਿਤਾਬਾਂ ਫ਼ਜ਼ੂਲ ਹਨ। ਇਨ੍ਹਾਂ ਕਿਤਾਬਾਂ ਨੂੰ ਪੜ੍ਹਕੇ ਲੋਕ ਇਥੇ ਕਦੇ ਵੀ ਇਨ-ਕਲਾਬ ਨਹੀਂ ਲੈ ਕੇ ਆ ਸਕਦੇ। ਇਨ੍ਹਾਂ ਕਿਤਾਬਾਂ ਨੂੰ ਕੋਈ ਰਦੀ ਵਿਚ ਵੀ ਨਹੀਂ ਲੈਂਦਾ।

[ਕਿਤਾਬਾਂ ਮੁੜ ਬਜ਼ੁਰਗ ਨੂੰ ਫੜਾਂਦਾ ਹੈ।]

ਬਜ਼ੁਰਗ – (ਕਿਤਾਬਾਂ ਫੜਕੇ) ਕੀ ਤੇਰੀਆਂ ਦਿਤੀਆਂ ਕਿਤਾਬਾਂ ਵਿਚ ਮੇਰੀ ਪੈਨਸ਼ਨ ਦਾ ਜ਼ਿਕਰ ਹੈ?

ਕੇ.ਕ.ਵਾ.ਨੌਜਵਾਨ – ਪੈਨਸ਼ਨ ਇਕ ਮਾਮੂਲੀ ਚੀਜ਼ ਐ! ਇਕ ਸੱਚੇ ਤੇ ਬਹਾਦਰ ਇਨਕਲਾਬੀ ਨੂੰ ਆਪਣੇ ਨਿੱਜੀ ਹਿੱਤਾਂ ਨੂੰ ਲੋਕ ਹਿਤਾਂ ਲਈ ਕੁਰਬਾਨ ਕਰ ਦੇਣਾ ਚਾਹੀਦਾ ਹੈ। ਤੈਨੂੰ ਸਿਰਫ ਇਨਕਲਾਬ ਬਾਰੇ ਸੋਚਣਾ ਚਾਹੀਦਾ ਹੈ। ਆਪਣੀ ਪੈਨਸ਼ਨ ਦਾ ਫਿਕਰ ਬਿਲਕੁਲ ਨਹੀਂ ਕਰਨਾ ਚਾਹੀਦਾ। ਇਥੇ ਇਨਕਲਾਬ ਦੇ ਸਾਰੇ ਰਾਹ ਤਿਆਰ ਹੋ ਚੁਕੇ ਹਨ। (ਬਜ਼ੁਰਗ ਦੇ ਨਜ਼ਦੀਕ ਹੋ ਕੇ) ਇਹ ਕਿਤਾਬਾਂ ਤੈਨੂੰ ਕਿਸੇ ਬਜ਼ਾਰ ਵਿਚੋਂ ਨਹੀਂ ਮਿਲਣਗੀਆਂ। ਬਦੇਸ਼ਾਂ ਤੋਂ ਹਵਾਈ ਜਹਾਜ਼ਾਂ ਰਾਹੀਂ ਸਿਧੀਆਂ ਸਾਡੇ ਕੋਲ ਆਉਂਦੀਆਂ ਨੇ। ਹੁਣ ਤੈਥੋਂ ਸਿਰਫ ਇਹਦੀ ਕੀਮਤ ਤਿੰਨ ਰੁਪੇ ਲਵਾਂਗਾ।

ਬਜ਼ੁਰਗ – (ਹੈਰਾਨੀ ਨਾਲ) ਤਿੰਨ ਰੁਪੇ!

ਕੇ.ਕ.ਵਾ.ਨੌਜਵਾਨ : ਚਲ ਢਾਈ ਹੀ ਦੇ ਦੇ। ਪੰਜਾਹ ਪੈਸੇ ਤੈਨੂੰ ਮੁਆਫ਼ ਕੀਤੇ।

ਬਜ਼ੁਰਗ – ਪੰਜਾਹ ਪੈਸੇ ਹੀ ਕਿਉਂ ਮੁਆਫ਼ ਕੀਤੇ। ਦੋ ਰੁਪੈ ਕਿਉਂ ਨਹੀਂ ਮੁਆਫ਼ ਕਰ ਦਿੰਦਾ।

ਕੇ.ਕ.ਵਾ.ਨੌਜਵਾਨ – ਚਲ ਪੰਜਾਹ ਪੈਸੇ ਹੀ ਦੇ। ਵੱਕਤ ਬਹੁਤ ਥੋੜ੍ਹੈ।

ਬਜ਼ੁਰਗ –(ਉਸਨੂੰ ਪੰਜਾਹ ਪੈਸੇ ਦੇ ਕੇ) ਪਰ ਮੇਰੀ ਪੈਨਸ਼ਨ ਬਾਰੇ ਤਾਂ ਕੁਝ ਕਰ 'ਜਾ।

ਕੇ.ਕ.ਵਾ.ਨੌਜਵਾਨ : ਹੁਣ ਤੂੰ ਸਜ-ਪਿਛਾਖੜ ਸੋਚ ਨੂੰ ਛਡ ਦੇ। ਖਬੀ ਸੋਚ ਨੂੰ ਮਜ਼ਬੂਤ ਬਣਾ ਕੇ, ਇਨਕਲਾਬ ਦੇ ਰਾਹ 'ਤੇ ਤੁਰ ਪੈ। ਨਵੀਂ ਸਵੇਰ ਸਾਡਾ ਰਾਹ ਵੇਖ ਰਹੀ ਹੈ।

[ਨੌਜਵਾਨ ਚਲਾ ਜਾਂਦਾ ਹੈ।]

ਬਜ਼ੁਰਗ–(ਕਿਤਾਬਾਂ ਨੂੰ ਇਕ ਪਾਸੇ ਰਖਕੇ) ਇਹ ਨੌਜਵਾਨ ਇਤਨੀਆਂ ਹੋਰ ਕਿਤਾਬਾਂ ਦੇ ਗਿਐ। (ਚਪੜਾਸੀ ਨੂੰ) ਇਹ ਸਜ-ਪਿਛਾਖੜ ਸੋਚ ਕੀ ਹੁੰਦੀ ਐ?

ਚਪੜਾਸੀ – (ਮਖੌਲ 'ਚ) ਇਹੀ ਨਹੀਂ ਪਤਾ। ਬਜ਼ੁਰਗਾ, ਕਿਉਂਕਿ ਤੂੰ ਬੈਂਚ ਦੇ ਸਜੇ ਪਾਸੇ ਬੈਠ ਕੇ ਪੈਨਸ਼ਨ ਬਾਰੇ ਸੋਚ ਰਿਹੈਂ।

[ਬਜ਼ੁਰਗ ਉਠਦਾ ਹੈ, ਤੇ ਬੈਂਚ ਦੇ ਖਬੇ ਹੱਥ ਬੈਠ ਜਾਂਦਾ ਹੈ।]

ਬਜ਼ੁਰਗ – ਕਿਉਂ ਠੀਕ ਐ?

ਚਪੜਾਸੀ – ਬਿਲਕੁਲ ਠੀਕ। ਹੁਣ ਤੂੰ ਚਾਹੇ ਜੋ ਕੁਝ ਸੋਚ। ਇਸ ਤਰ੍ਹਾਂ ਸੋਚੀਂ, ਕਿ ਤੇਰੀ ਖਬੀ ਸੋਚ ਮਜ਼ਬੂਤ ਬਣ ਜਾਵੇ, ਨਹੀਂ ਬੈਂਚ ਦੇ ਖਬੇ ਪਾਸੇ ਬੈਠਣ ਦਾ ਕੋਈ ਫਈਦਾ ਨਹੀਂ।

[ਸਫੈਦ ਕਮੀਜ਼ ਪਜਾਮੇ ਵਾਲਾ ਨੌਜਵਾਨ ਆਉਂਦਾ ਹੈ।]

ਸਫੈਦ ਕਮੀਜ਼ ਵਾਲਾ ਨੌਜਵਾਨ – (ਚਪੜਾਸੀ) ਇਹ ਬਜ਼ੁਰਗ ਇਥੇ ਕਦੋਂ ਦਾ ਬੈਠਾ ਹੈ?

ਚਪੜਾਸੀ – ਜੀ, ਦੁਪਿਹਰ ਦਾ।

ਸ. ਕ. ਵਾ. ਨੌਜਵਾਨ – ਕਿਸਨੂੰ ਮਿਲਣਾ ਹੈ ਇਸਨੇ?

ਚਪੜਾਸੀ – ਜੀ, ਮੁਖ ਮੰਤਰੀ ਜੀ ਨੂੰ।

ਬਜ਼ੁਰਗ – (ਉਠਦਾ ਹੈ, ਨੌਜਵਾਨ ਨੂੰ ਹੱਥ ਬੰਨਦਾ ਹੈ) ਜੀ, ਮੇਰਾ ਪੈਨਸ਼ਨ ਦਾ ਕੰਮ ਐ। ਥੋੜਾ ਬੁੜਾ ਭੁਲਾ ਹੋਵੇ, ਜੇ ਮੇਰੇ ਕਾਂਗਜਾ ਤੇ ਮੁਖ-ਮੰਤਰੀ ਜੀ ਦੇ ਦਸੂਖਤ ਕਰਵਾਂ ਦਿਓ।

ਸ.ਕ.ਵਾ. ਨੌਜਵਾਨ – ਬੈਠੋ, ਬੈਠੋ, (ਚਪੜਾਸੀ ਨੂੰ) ਤੂੰ ਹਾਲੇ ਤਕ ਬਜ਼ੁਰਗ ਨੂੰ ਮੁਖ-ਮੰਤਰੀ ਜੀ ਨਾਲ ਨਹੀਂ ਮਿਲਾਇਆਂ। ਜੇ ਲੋਕਾਂ ਨੂੰ ਇਸੇ ਤਰ੍ਹਾਂ ਮੁਖ-ਮੰਤਰੀ ਜੀ ਨੂੰ ਮਿਲਣ ਲਈ ਵਕਤ ਨਾ ਮਿਲਿਆ, ਤਾਂ ਸਾਡੀ ਪਾਰਟੀ ਤਾਂ ਬਦਨਾਮ ਹੋਵੇ ਦੀ ਗੀ, ਤੇ ਨਾਲ ਸਰਕਾਰ ਦਾ ਵੀ ਖਾਤਮਾ ਸਮਝੋ।

ਚਪੜਾਸੀ – ਮੁਖ-ਮੰਤਰੀ ਜੀ ਰੁਝੇ ਹੋਏ ਹਨ। ਉਹਨਾਂ ਦਾ ਹੁਕਮ ਐ, ਅਜ ਉਨਾਂ ਨੇ ਕਿਸੇ ਨੂੰ ਨਹੀਂ ਮਿਲਣਾ।

ਸ.ਕ.ਵਾ. ਨੌਜਵਾਨ – ਪਰ ਇਨ੍ਹਾਂ ਦੀ ਪੈਨਸ਼ਨ ਦਾ ਕੰਮ ਵੀ ਤਾਂ ਜ਼ਰੂਰੀ ਹੈ।

ਚਪੜਾਸੀ – ਪਰ ਮੁਖ-ਮੰਤਰੀ ਜੀ...।

ਸ.ਕ.ਵਾ. ਨੌਜਵਾਨ – ਮੈਂ ਹੁਣੇ ਪੀ.ਏ. ਨਾਲ ਜਾ ਕੇ ਗਲ ਕਰਦਾ। (ਬਜ਼ੁਰਗ ਨੂੰ) ਕੀ ਤੂੰ ਪੈਨਸ਼ਨ ਲਈ ਅਰਜ਼ੀ ਦੇ ਰਖੀ ਐ ?

ਬਜ਼ੁਰਗ – (ਉਠ ਕੇ) ਹਾਂ, ਜੀ। ਮੈਂ ਹਰ ਨਵੀਂ ਸਰਕਾਰ ਬਨਣ ਤੇ ਨਵੀਂ ਅਰਜ਼ੀ ਦਿਤੀ ਐ। ਪਰ ਹਾਲੇ ਤਕ ਮੈਨੂੰ ਪੈਨਸ਼ਨ ਨਹੀਂ ਮਿਲੀ।

ਸ.ਕ.ਵਾ. ਨੌਜਵਾਨ – ਘਬਰਾਓ ਨਾ। ਤੁਸੀਂ ਅਰਾਮ ਨਾਲ ਬੈਂਚ ਤੇ ਬੈਠੋ। ਇਸ ਵਾਰ ਤੈਨੂੰ ਜ਼ਰੂਰ ਪੈਨਸ਼ਨ ਮਿਲੇਗੀ। (ਸੋਚਦਾ ਹੈ) ਤੇਰਾ ਕੰਮ ਕਾਫੀ ਵਡਾ ਹੈ। ਪੀ.ਏ. ਸਾਹਿਬ ਦਾ ਮੂੰਹ ਅਜ ਕਲ ਕਾਫੀ ਖੁਲ ਚੁਕਾ ਹੈ। ਪੈਸੇ ਬਿਨਾ ਕੋਈ ਕੰਮ ਨਹੀਂ ਕਰਦਾ।

ਬਜ਼ੁਰਗ – (ਗੀਡੇ ਵਿਚੋਂ ਕੁਝ ਰੁਪੈ ਕਢ ਕੇ ਗਿਣਦਾ ਹੈ) ਜੀ, ਮੇਰੇ ਕੋਲ ਬਚ ਬਚਾ ਕੇ, ਇਹ ਪੰਜ-ਸਤ ਰੁਪੈ ਹੀ ਬਚੇ ਨੇ। ਜੇ ਇਨ੍ਹਾਂ ਨਾਲ ਪੀ.ਏ. ਸਾਬ ਦਾ ਮੂੰਹ ਬੰਦ ਹੋਵੇ।

ਸ.ਕ.ਵਾ. ਨੌਜਵਾਨ – (ਰੁਪੈ ਫੜਕੇ) ਦਸਾਂ ਦੀ ਕਥੰਖਤ ਚਾਹ ਹੀ ਪੀ ਜਾਦੈਂ। ਨਾਲੇ ਹੁਣ ਸ਼ਾਮ ਵੀ ਹੋ ਰਹੀ ਹੈ। ਚਲੋ, ਫੇਰ ਵੀ ਕੋਸ਼ਿਸ਼ ਕਰਦਾ ਵਾਂ ਕੇ।

[ਸਫੇਦ ਕਮੀਜ ਪੰਜਾਮੇ ਵਾਲਾ ਪੀ.ਏ. ਦੇ ਕਮਰੇ ਵਿਚ ਚਲਾ ਜਾਂਦਾ ਹੈ।]

ਬਜ਼ੁਰਗ – ਰੱਬ ਇਹਦੀ ਲੰਮੀ ਉਮਰ ਕਰੇ।

ਚਪੜਾਸੀ – ਇਹ ਪਾਰਟੀ ਦਾ ਪਰਚਾਰ ਸਕੱਤਰ ਹੈ। ਗ਼ਰੀਬ ਲੋਕਾਂ ਦੇ ਬੜੇ ਕੰਮ ਕਰਦੈ।

ਬਜ਼ੁਰਗ – (ਉਠਕੇ) ਸ੍ਰੀ ਮੌਤੂ ਰਾਮ ਜੀ, ਜੇਕਰ ਤੁਸੀਂ ਗੁਸਾ ਨਾ ਕਰੋਂ, ਤਾਂ ਇਕ ਗਲ ਪੁਛਾਂ।

ਚਪੜਾਸੀ – ਇਕ ਹੀ ਕਿਉਂ, ਹਜ਼ਾਰ ਪੁਛੋ।

ਬਜ਼ੁਰਗ – ਥੋਨੂੰ ਸਰਕਾਰ ਤਨਖਾਹ ਨਹੀਂ ਦਿੰਦੀ ?

ਚਪੜਾਸੀ – ਕੀ ਮਤਲਬ ?

ਬਜ਼ੁਰਗ – ਇਥੇ ਪੌੜੀਆਂ ਚੜਨ ਦੇ ਪੈਸੇ ਦੇਣੇ ਪੈਂਦੇ ਹਨ। ਵਰਾਂਡੇ ਵਿੱਚ ਤੁਰਨ ਦਾ ਟੈਕਸ ਹੈ। ਬੈਂਚਾਂ ਤੇ ਬੈਠਣ ਦਾ ਕਿਰਾਇਆ ਹੈ। ਪੀ.ਏ. ਤੋਂ ਕੰਮ ਕਰਵਾਉਣਾ ਹੋਵੇ, ਤਾਂ ਪੈਸੇ ਚਾਹੀਦੇ ਹਨ। ਬਾਕੀ ਕਿਤਾਂਬਾ ਵੇਚਣ ਵਾਲਿਆਂ ਦੀ ਮੈਂ ਇਕ ਵੀ ਗੱਲ ਨਹੀਂ ਸਮਝਿਆ।

ਚਪੜਾਸੀ – ਬਜ਼ੁਰਗਾ, ਜੇ ਤੂੰ ਚੁਪ ਰਹੇ, ਤਾਂ ਹੀ ਚੰਗੈ। ਇਥੇ ਹਰ ਕੋਈ ਭੁਖਾ ਹੈ। ਗਿਠ ਗਿਠ ਲੰਮੀ ਜੀਭ ਲਮਕਾਈ ਅਫਸਰ ਫਿਰਦੇ ਨੇ ਇਥੇ। ਮੰਤਰੀਆਂ ਦੇ ਕਪੜੇ ਜਿਨੇ ਚਿੱਟੇ ਹਨ ਉਤਨੇ ਹੀ ਇਹ ਅੰਦਰੋਂ ਕਾਲੇ ਨੇ।

ਬਜ਼ੁਰਗ – ਇਥੇ ਪੁਜਿਆਂ, ਤਾਂ ਰਾਜਧਾਨੀ ਦੀਆਂ ਵਡੀਆਂ ਵਡੀਆਂ ਬਿਲਡਿੰਗਾਂ ਵੇਖ ਕੇ, ਮੇਰੀਆਂ ਅੱਖਾਂ ਚੁੰਧਿਆ ਗਈਆਂ ਸਨ। ਮੈਨੂੰ ਮੇਰੇ ਪਿੰਡ ਕਚੇ ਕੋਠੇ ਚਿਕੜ ਨਾਲ ਭਰੀਆਂ ਗਲੀਆਂ। ਇਕ ਵਾਰ ਤਾਂ ਮੈਨੂੰ ਓਪਰੀਆਂ ਓਪਰੀਆਂ ਲਗੀਆਂ ਸਨ। ਇਥੇ ਰੰਗ ਬਰੰਗੀਆਂ ਰੋਸ਼ਨੀਆਂ ਵੇਖ ਕੇ ਇਕ ਵਾਰ ਤਾਂ ਮੈਨੂੰ ਆਪਣੇ ਪਿੰਡ ਦੇ ਬੱਚਿਆਂ ਦੇ ਸੁਆਖੇ ਚਿਹਰੇ, ਜੁਆਨਾ ਦੇ ਉਦਾਸ ਮੂੰਹ ਤੇ ਮੇਰੇ ਵਰਗੇ ਬਜ਼ੁਰਗਾਂ ਦੀਆਂ ਰੋ ਰਹੀਆਂ ਅੱਖਾਂ ਸਪਨਾ ਹੀ ਲਗੀਆਂ ਸਨ।

ਚਪੜਾਸੀ – ਬਜ਼ੁਰਗਾ, ਤੇਰੇ ਪਿੰਡ ਨਾਲ ਇਥੇ ਕੁਝ ਨਹੀਂ ਮਿਲਦਾ।

ਬਜ਼ੁਰਗ – ਇਹ ਸ਼ਹਿਰ-ਸ਼ਹਿਰਾਂ ਦੀ ਰਾਜਧਾਨੀ ਤਾਂ ਬਣ ਗਿਆ, ਪਰ ਪਿੰਡਾ ਵਿਚ ਰਹਿਣ ਵਾਲੇ ਲੋਕਾਂ ਦੀ ਰਾਜਧਾਨੀ ਨਹੀਂ ਬਣ ਸਕਿਆ। ਜ਼ਿੰਦਗੀ ਵੀ ਮੇਰੇ ਨਾਲ ਕਿਹੋ ਜਿਹਾ ਮਖੌਲ ਕਰ ਰਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਪੰਜਵੇ ਸਾਲ ਮੇਰਾ ਬਾਪ ਛਡ ਕੇ ਚਲਾ ਗਿਆ ਸੀ, ਕਿਉਂਕਿ ਜਿਹੋ ਜਿਹੀ ਰੋਸ਼ਨੀ ਦੀ ਤਲਾਸ਼ ਉਸਨੇ ਬਦੇਸ਼ੀ ਸਰਕਾਰ ਦੀਆਂ ਜੇਲਾਂ 'ਚ ਰਹਿ ਕੇ ਕੀਤੀ ਸੀ, ਇਹੋ ਜਿਹੀ ਰੋਸ਼ਨੀ ਆਜ਼ਾਦ ਹੋ ਕੇ ਵੀ ਹੋਈ। ਅਜ਼ਾਦੀ ਦੀ ਜਦੋਂ ਪੰਦਰਵੀ ਵਰ੍ਹੇ ਗੰਢ ਮਨਾਈ ਜਾ ਰਹੀ ਸੀ, ਤਾਂ ਪੁਲਿਸ ਨੇ ਮੇਰੇ ਭਰਾ ਨੂੰ ਖਤਮ ਕਰ ਦਿਤਾ ਸੀ, ਕਿਉਂਕਿ ਜਿਨ੍ਹਾਂ ਖੇਤਾਂ ਵਿਚ ਅਸੀਂ ਕੰਮ ਕਰਦੇ ਆ ਰਹੇ ਸਾਂ, ਉਨ੍ਹਾਂ ਖੇਤਾ ਵਿਚੋਂ ਉਸਨੂੰ ਆਪਣੇ ਮੁੜ੍ਹਕੇ ਦੀ ਖੁਸ਼ਬੂ ਆ ਗਈ ਸੀ, ਪਰ ਜਾਗੀਰਦਾਰਾਂ ਨੂੰ ਇਹ ਸ਼ਗਨ ਚੰਗਾ ਨਹੀਂ ਸੀ ਲਗਿਆ। ਮੇਰਾ ਨੌਜਵਾਨ ਡਿਗਰੀ ਲੈਣ ਬਆਦ ਜਦੋਂ ਨੌਕਰੀ ਦੀ ਤਲਾਸ਼ ਵਿਚ ਘਰੋਂ ਬਾਹਰ

ਨਿਕਲਿਆ, ਮੁੜਕੇ ਕਦੇ ਘਰ ਨਾ ਪਰਤਿਆ। ਸਰਕਾਰ ਨੂੰ ਉਸਦੀਆਂ ਤਤੀਆਂ ਗਲ੍ਹਾਂ ਚੰਗੀਆਂ ਨਹੀਂ ਸਨ ਲਗੀਆਂ, ਤੇ ਹੁਣ ਮੇਰੇ ਸਾਰੇ ਸੁਪਨੇ ਜਿਵੇਂ ਢਹਿ ਢੇਰੀ ਹੋ ਗਏ ਹਨ, ਮੈਂ ਜਾਂਵਾ ਤਾਂ ਕਿਥੇ ਜਾਂਵਾ।

[ਲਾਲ ਕਮੀਜ਼ ਵਾਲਾ ਸਜੇ ਪਾਸਿਓਂ, ਤੇ ਕੇਸਰੀ ਕਮੀਜ਼ ਵਾਲਾ ਖਬੇ ਪਾਸਿਓਂ ਆਉਂਦੇ ਹਨ।]

ਲਾਲ ਕਮੀਜ਼ ਵਾਲਾ – (ਬਜ਼ੁਰਗ ਨੂੰ) ਤੂੰ ਨਿੱਕ ਬੁਰਜੂਆ ਹੀ ਰਿਹਾ। ਸਾਰਾ ਦੇਸ਼ ਇਨਕਲਾਬ ਲਈ ਤਿਆਰ ਹੋ ਰਿਹੈ, ਤੇ ਤੂੰ ਇਥੇ ਬੈਠਾ ਆਪਣੀ ਪੈਨਸ਼ਨ ਦਾ ਫਿਕਰ ਕਰ ਰਿਹੈਂ।

ਕੇਸਰੀ ਕਮੀਜ਼ ਵਾਲਾ – (ਬਜ਼ੁਰਗ ਨੂੰ) ਤੇਰੀ ਸੋਚ – ਸਜ ਪਿਛਾਖੜ ਹੀ ਰਹੀ। ਇਨਕਲਾਬੀ ਲੋਹਾ ਲਾਲ ਸੁਰਖ ਹੋ ਗਿਐ ਬਸ ਇਕ ਦੋ ਸਟਾਂ ਮਾਰਨ ਦੀ ਲੋੜ ਐ।

ਬਜ਼ੁਰਗ – ਚਾਹੇ ਮੈਂ ਸਜ ਪਿਛਾਖੜ ਹਾਂ, ਤੇ ਚਾਹੇ ਨਿੱਕ-ਬੁਰਜੂਆ ਹਾਂ। ਪਰ ਮੈਂ ਆਪਣੇ ਦੇਸ਼ ਦਾ ਵੋਟਰ ਤਾਂ ਹਾਂ। ਚੋਣਾਂ ਵੇਲੇ ਵੋਟ ਪਾਉਣ ਵਾਲਾ ਜਾਨਵਰ। ਬੜਾ ਸਾਊ ਜਾਨਵਰ।

[ਦੋਵੇਂ ਜਣੇ ਬਜ਼ੁਰਗ ਆਪਣੇ ਵਲ ਲਗਾਤਾਰ ਘੜੀਸਦੇ ਹਨ।]

ਲ.ਕ. ਵਾਲਾ – ਤੈਨੂੰ ਸਾਡੇ ਵਲੋਂ ਤਿਆਰ ਕੀਤੇ ਜਾ ਰਹੇ ਇਨਕਲਾਬ ਦੇ ਰਾਹ 'ਤੇ ਪੈਣਾ ਹੀ ਪਵੇਗਾ।

ਕ.ਕ.ਵ. – ਤੈਨੂੰ ਸ਼ਰੈਣੀ ਸੰਘਰਸ਼ ਬਾਰੇ ਸਭ ਕੁਝ ਸਮਝਣਾ ਹੋਵੇਗਾ।

ਲ.ਕ.ਵ. – ਇਕ ਇਕ ਕਰਕੇ ਤੈਨੂੰ ਇਨਕਲਾਬੀ ਬਨਣ ਦੇ ਸਾਰੇ ਤਰੀਕੇ ਯਾਦ ਕਰਨੇ ਹੋਣਗੇ।

ਕ.ਕ.ਵ. – ਇਸ ਤੋਂ ਪਹਿਲਾਂ ਕਿ ਸਰਮਾਏਦਾਰੀ ਆਪਣਾ ਆਖੀਰਲਾ ਹਥਿਆਰ ਵਰਤੇ, ਤੈਨੂੰ ਸਭ ਕੁਝ ਕੁਰਬਾਨ ਕਰਨਾ ਪਵੇਗਾ।

ਲ.ਕਾ.ਵ. – ਇਨਕਲਾਬ ਲਈ ਲੜਦੇ ਸਮੇਂ ਤੈਨੂੰ ਲਿਖਣਾ ਪਵੇਗਾ ਕਿ ਅਗੇ ਕਦੋਂ ਵਧਣਾ ਹੈ, ਤੇ ਪਿਛੇ ਕਦੋਂ ਹਟਣਾ ਹੈ।

ਕੇ.ਕ.ਵ. – ਨਵ-ਬਸਤੀਵਾਦ ਦੇ ਖਾਤਮੇ ਲਈ ਤੈਨੂੰ ਆਪਣੀ ਖੂਨ ਦਾ ਆਖੀਰੀ ਕਤਰਾ ਤਕ ਡੋਲਣਾ ਹੋਵੇਗਾ।

ਲ.ਕ.ਵ. – ਤੂੰ ਫਿਕਰ ਨਾ ਕਰ ਸੁਨਿਹਰਾ ਭਵਿਖ ਤੇਰੀ ਉਡੀਕ ਕਰ ਰਿਹਾ ਹੈ।

ਕੇ.ਕ.ਵਾ. – ਅੰਤਰ ਰਾਸ਼ਟਰੀ ਮਜ਼ਦੂਰ ਭਾਈਚਾਰੇ ਲਈ ਤੈਨੂੰ ਦਿਨ ਰਾਤ ਇਕ ਕਰਨਾ ਹੋਵੇਗਾ।

ਲ.ਕ.ਵਾ – (ਕੇਸਰੀ ਕਮੀਜ਼ ਵਾਲੇ ਨੂੰ) ਇਹ ਸਾਥੀ ਤੈਨੂੰ ਗਲਤ ਰਾਹ ਪਾ ਰਿਹੇ।

ਕੇ.ਕ.ਵ. – (ਲਾਲ ਕਮੀਜ਼ ਵਾਲੇ ਨੂੰ) ਇਹ ਸਾਥੀ ਤੈਨੂੰ ਪਿਛਾਂਹ ਵਲ ਲੈ ਜਾ ਰਿਹੇ।

ਲ.ਕ.ਵ. – ਇਹ ਸਰਮਾਏਦਾਰਾਂ ਦੇ ਸਾਥੀ ਹਨ।

ਕੇ.ਕਾਵਾ. – ਇਹ ਸਾਮਰਾਜ ਦੇ ਹਿਤੈਸ਼ੀ ਹਨ।

ਲ.ਕ.ਵਾ. – ਇਹ ਇਨਕਲਾਬ ਦੇ ਰਾਹ ਵਿਚ ਰੋੜਾ ਹਨ।

ਕੇ.ਕਾ.ਵ. – ਇਹ ਲੋਕ ਸੰਘਰਸ਼ ਦੇ ਰਾਹ ਵਿਚ ਖੜਾਂ ਹਨ।

ਲ.ਕ.ਵਾ. – ਤੈਨੂੰ ਸਾਡੇ ਨਾਲ ਰਲਣਾ ਹੋਵੇਗਾ।

ਕੇ.ਕ.ਵਾ. – ਤੈਨੂੰ ਸਾਡੇ ਨਾਲ ਰਲਣਾ ਹੋਵੇਗਾ।

[ਦੋਵਾਂ ਦੀ ਖਿਚ ਧੂਹ ਵਿਚ ਬਜ਼ੁਰਗ ਬੇ-ਹੋਸ਼ ਜਿਹਾ ਹੋ ਕੇ ਡਿਗ ਪੈਂਦਾ ਹੈ।]

ਲ.ਕਾਵਾ. – ਮੈਨੂੰ ਪਹਿਲਾਂ ਹੀ ਪਤਾ ਸੀ, ਕਿ ਇਸ ਕੋਲੋਂ ਸੰਘਰਸ਼ ਦੇ ਰਾਹ ਨਹੀਂ ਤੁਰਿਆ ਜਾਣਾ। ਚੰਗਾ ਹੋਇਆ ਤੁਰਨ ਤੋਂ ਪਹਿਲਾਂ ਹੀ ਡਿਗ ਪਿਆ।

ਕੇ.ਕ.ਵਾ. ਇਸ ਤਰ੍ਹਾਂ ਦੇ ਕਮਜ਼ੋਰ ਤਬੀਅਤ ਦੇ ਵਿਅਕਤੀ ਹਮੇਸ਼ਾ ਇਨਕਲਾਬੀ ਪਾਰਟੀ ਨੂੰ ਮੁਸੀਬਤ ਵਿਚ ਪਾ ਦਿੰਦੇ ਹਨ। ਸ਼ੁਕਰ ਹੈ, ਇਸਨੇ ਰਾਹ ਵਿਚਕਾਰ ਸਾਨੂੰ ਧੋਖਾ ਨਹੀਂ ਦਿਤਾ।

ਲ.ਕ.ਵਾ. – ਇਨਕਲਾਬ ਸਿਰ ਤੇ ਆ ਪੁਜਾ ਹੈ (ਬਜ਼ੁਰਗ ਵਲ ਵੇਖ ਕੇ) ਤੇ ਲੋਕ ਹਿੰਮਤ ਹਾਰਦੇ ਜਾ ਰਹੇ ਹਨ।

ਕੇ.ਕ.ਵਾ. – ਇਨਕਲਾਬ ਕਦਮ ਕਦਮ 'ਤੇ ਅਗੇ ਵਧਦਾ ਜਾ ਰਿਹੈ, ਪਰ (ਬਜ਼ੁਰਗ ਵਲ ਵੇਖਕੇ) ਲੋਕ ਅਰਾਮ ਨਾਲ ਸੌਂ ਰਹੇ ਹਨ।

[ਚਪੜਾਸੀ ਆਉਂਦਾ ਹੈ।]

ਚਪੜਾਸੀ – (ਬਜ਼ੁਰਗ ਨੂੰ ਖੜਾ ਕਰਦਾ ਹੈ, ਪਰ ਬਜ਼ੁਰਗ ਮੁੜ ਡਿਗ ਪੈਂਦਾ ਹੈ) ਤੂੰ ਤਾਂ ਸੱਚੀਂ ਮੁਚੀਂ ਡਿਗ ਪਿਐ।

[ਸਫੈਦ ਕਮੀਜ਼ ਵਾਲਾ ਪੀ.ਏ. ਦੇ ਕਮਰੇ ਚੋਂ ਨਿਕਲਦਾ ਹੈ।]

ਸ.ਕਾ.ਵਾ. – (ਬਜ਼ੁਰਗ ਵਲ ਝੁਕ ਕੇ) ਉਠ, ਬਜ਼ੁਰਗਾ, ਤੇਰੇ ਪੈਨਸ਼ਨ ਦੇ ਕਾਗਜ਼ਾਂ 'ਤੇ ਦਸਖਤ ਕਰ ਦਿਤੇ ਹਨ, ਪਰ ਮੰਤਰੀ ਸਾਹਿਬ ਦੇ ਅਗੂਠਾ ਲਾਉਣ ਦੀ ਲੋੜ ਹੈ। ਇਧਰ ਮੰਤਰੀ ਸਾਹਿਬ ਨੇ ਅਗੂਠਾ ਲਾਇਆ ਨਹੀਂ, ਤੇਰੀ ਪੈਨਸ਼ਨ ਲਗੀ ਨਹੀਂ। ਹੁਣ ਘਬਰਾਉਣ ਦੀ ਕੋਈ ਲੋੜ ਨਹੀਂ। (ਉਹਦੇ ਗੀਝੇ ਵਿਚ ਹੱਥ ਪਾਉਂਦਾ ਹੈ ਖਾਲੀ ਹੱਥ ਬਾਹਰ ਕਢਕੇ, ਖਿਝਕੇ) ਸਾਲੇ ਇਥੇ ਆ ਜਾਂਦੇ ਖਾਲੀ ਜੇਬਾਂ ਲੈ ਕੇ ਪੈਨਸ਼ਨਾ ਲੈਣ।

[ਅਸਿਸਟੈਂਟ ਪੀ.ਏ. ਦੇ ਕਮਰੇ ਵਿਚੋਂ

ਨਿਕਲਦਾ ਹੈ]।

ਅਸਿਸਟੈਂਟ – (ਜੰਗਲੇ ਨਾਲ ਲਗ ਕੇ) ਬਜ਼ੁਰਗਾ ਇਥੋਂ ਚਲਾ ਜਾ, ਨਹੀਂ ਤਾਂ ਤੇਰੀ ਲੋਈ ਵੀ-ਲਾ ਲਈ ਜਾਵੇਗੀ। (ਬਜ਼ੁਰਗ ਨੂੰ ਹੱਥ ਲਾ ਕੇ) ਹੈਂ, ਇਹਦੀ ਤਾਂ ਨਬਜ਼ ਰੁਕ ਗਈ ਜਾਪਦੀ ਹੈ।

[ਸਿਟੈਨੋ ਹਸਦੀ ਹਸਦੀ ਪੀ.ਏ. ਦੇ ਕਮਰੇ ਚੋਂ ਨਿਕਲਦੀ ਹੈ।]

ਸਟੈਨੋ – ਵੇਖੋ, ਮੌਸਮ ਕਿਨ੍ਹਾਂ ਸੁਹਾਵਣਾ ਹੈ। ਠੰਡੀ-ਠੰਡੀ ਹਵਾ ਨੇ ਮੌਸਮ ਨੂੰ ਹੋਰ ਵੀ ਖੂਬਸੂਰਤ ਬਣਾ ਦਿੱਤਾ ਹੈ। ਜ਼ਰੂਰ ਕਿਤੇ ਨੇੜੇ ਬਰਫ ਪਈ ਹੋਵੇਗੀ।

ਅਸਿਸਟੈਂਟ – ਹੂੰ, ਬਰਫ ਜ਼ਰੂਰ ਪਈ ਹੈ (ਬਜ਼ੁਰਗ ਵਲ ਵੇਖ ਕੇ) ਤਾਂ ਹੀ ਵਿਚਾਰਾ ਜੰਮ ਗਿਐ।

ਸਟੈਨੋ – ਕਿਹੋ ਜਿਹੇ ਖੂਬਸੂਰਤ ਮੌਸਮ ਵਿਚ, ਤੁਸੀਂ ਕਿਸ ਬਾਰੇ ਫਜ਼ੂਲ ਸੋਚਣ ਲੱਗ ਪਏ ਹੋ।

[ਪਤਰਕਾਰ ਔਰਤ ਮੰਤਰੀ ਦੇ ਦਫਤਰੋਂ ਨਿਕਲਦੀ ਹੈ।]

ਪਤਰਕਾਰ – ਕਿਉਂ, ਕੀ ਹੋ ਗਿਆ ?

ਚਪੜਾਸੀ – ਪੈਨਸ਼ਨ ਲਈ ਆਇਆ ਸੀ ਵਿਚਾਰਾ ਇਥੇ ਹੀ ਦਮ ਤੋੜ ਗਿਆ।

ਪਤਰਕਾਰ – (ਖੁਸ਼ੀ ਵਿਚ) ਪੈਨਸ਼ਨ ਦੀ ਉਡੀਕ ਵਿਚ ਇਕ ਬਜ਼ੁਰਗ ਦਮ ਤੋੜ ਗਿਆ। (ਹੋਰ ਖੁਸ਼ੀ ਵਿਚ) ਉਹ ਵੀ ਮੁਖ ਮੰਤਰੀ ਦੇ ਦਫ਼ਤਰ ਦੇ ਬਿਲਕੁਲ ਸਾਹਮਣੇ। ਕਿਤਨੀ ਵਧੀਆ ਖ਼ਬਰ ਮਿਲੀ ਹੈ।

(ਜਾਂਦੀ ਹੋਈ) ਮੈਂ ਹੁਣੇ ਅਖ਼ਬਾਰ ਦੇ ਦਫਤਰ ਟੈਲੀਫੂਨ ਕਰਦੀ ਹਾਂ। ਜ਼ਰੂਰ ਇਹ ਖਬਰ ਸਵੇਰੇ ਅਖ਼ਬਾਰ ਦੇ ਪਹਿਲੇ ਸਫੇ 'ਤੇ ਡੱਬੀ ਵਿਚ ਲਗੇਗੀ।

---

## ਚਾਰ ਕਵਿਤਾਵਾਂ/ਪ੍ਰੀਤਮ ਬੇਲੀ

### 1. ਸੰਕਟ

ਇਹ ਜੋ ਵਹਿੰਦੇ ਦਰਿਆਵਾਂ ਦੇ ਕੰਢੇ ਮੋਏ
ਪਾਣੀ ਸੂਹਾ ਕਰ ਕੇ,
ਇਹ ਜੋ ਖੁਲ੍ਹੇ ਖੇਤਾਂ ਵਿਚ ਰੱਤੋ-ਰੱਤ ਹੋਏ
ਸਿਆੜ ਸੂਹੇ ਕਰ ਕੇ,
ਇਹ ਜੋ ਸੁੱਤੇ ਜੰਗਲਾਂ ਵਿਚ ਠਾਰ ਹੋਏ
ਗੋਲੀਆਂ ਦਾ ਸ਼ੋਰ ਸੂਹਾ ਕਰ ਕੇ,
ਇਹ ਏਥੇ ਨਹੀਂ ਸਨ ਮੋਏ !

ਸਮਾਚਾਰਾਂ ਦੇ ਝੂਠ ਵਿਚ
ਦੂਜੀ ਵਾਰ ਮੋਏ ਸਨ,
ਸਾਡੀਆਂ ਬੰਦ ਅੱਖਾਂ ਵਿਚ
ਤੀਜੀ ਵਾਰ ਮੋਏ ਸਨ !

ਪਹਿਲੀ ਵਾਰ ਮੋਏ ਸਨ
ਤਸੀਹੇ ਦੇ ਤਹਿ-ਖ਼ਾਨਿਆਂ ਵਿਚ
ਕਿਸੇ ਬਰਫ ਦੀ ਸਿਲ 'ਤੇ,
ਕਿਸੇ ਤੱਤੇ-ਤੱਵੇ ਦੇ ਭਾਂਬੜ 'ਤੇ,
ਨਹੁੰਆਂ ਨੂੰ ਵਿੰਨ੍ਹਦੀ
ਗਰਮ ਸੂਈ ਦੇ ਨੱਕੇ 'ਤੇ।
ਚਾਬੁਕ ਦੀਆਂ ਲਾਸਾਂ 'ਤੇ ਛਿੜਕੇ ਲੂਣ ਵਿਚ,
ਗਰਮ ਸੀਖ਼ਾਂ ਨਾਲ ਸਾੜੇ ਮਾਸ ਵਿਚ,
ਪ੍ਰਾਟੇ ਦੂਏ 'ਤੇ ਧੂੜੀਆਂ ਲਾਲ-ਮਿਰਚਾਂ ਵਿਚ !
ਅਸਲ ਵਿਚ ਇਹ ਉਥੇ ਮੋਏ ਸਨ !
ਤੇ ਫਿਰ ਉਹਨਾਂ ਠਾਰ ਲਾਸ਼ਾਂ ਨੂੰ
ਕਿਸੇ ਦਰਿਆ ਕੰਢੇ,
ਕਿਸੇ ਖੇਤ ਬੰਨੇ,
ਕਿਸੇ ਜੰਗਲ ਵਿਚ,
ਗੋਲੀਆਂ ਨਾਲ ਫੇਰ ਮਾਰਿਆ ਗਿਆ ਸੀ,
ਆਕੜੀਆਂ ਲਾਸ਼ਾਂ ਨੂੰ ਹੋਰ ਸ਼ਿੰਗਾਰਿਆ ਗਿਆ ਸੀ !

ਸਰਕਾਰੀ ਸਮਾਚਾਰਾਂ ਨੇ ਇਹੀ ਲਿਖਿਆ
ਕਿ ਬਾਗੀਆਂ ਨੇ ਪੁਲਸ ਨੂੰ ਵੰਗਾਰਿਆ ਸੀ,
ਸ੍ਵੈ-ਰਖਿਆ ਲਈ
ਪੁਲਸ ਨੇ ਉਹਨਾਂ ਨੂੰ ਮਾਰਿਆ ਸੀ !

ਇਕ ਰਾਤ ਪੁਲਸ
ਸੱਤ ਲਾਸ਼ਾਂ ਲੈ ਕੇ ਜੰਗਲ ਵਿਚ ਆਈ,
ਸੱਤੇ ਲਾਸ਼ਾਂ ਨੂੰ ਗੋਲੀ ਮਾਰ ਕੇ
ਫੇਰ ਸ਼ਹੀਦ ਕੀਤਾ,
ਗੂੰਗੇ ਰੁੱਖਾਂ ਨੂੰ ਗੂੰਗੇ ਗਵਾਹ ਮੰਨ ਕੇ !

ਪਰ ਫਿਰ ਮੂਕ ਰੁੱਖਾਂ ਨੇ
ਹਾਹਾਕਾਰ ਮਚਾਈ,
ਏਸ ਸਾਕੇ ਦੀ ਖ਼ਬਰ
ਸਾਰੇ ਦੇਸ਼ ਵਿਚ ਉਡਾਈ,
ਇਕ ਨੇ ਸੁਣੀ
ਦੂਜੇ ਨੇ ਸੁਣਾਈ,
ਸਾਡੀ ਸਰਕਾਰ ਨੇ
ਫੌਰਨ ਪੜਤਾਲੀ ਕਮੇਟੀ ਬਿਠਾਈ।
ਪੂਰੀ ਪੁਛ-ਗਿੱਛ ਤੋਂ ਬਾਅਦ,
ਬੜੇ ਵਾਦ-ਵਿਵਾਦ ਤੋਂ ਬਾਅਦ,
ਬੜੇ ਸਵਾਲ-ਜਵਾਬ ਤੋਂ ਬਾਅਦ,

ਮੁਕੱਦਮਾ
ਦੇਸ਼ ਦੀ ਸਭ ਤੋਂ ਵਡੀ ਕਚਹਿਰੀ ਵਿਚ ਪੁੱਜਾ ।

ਬੜੀਆਂ ਬੈਠਕਾਂ ਤੋਂ ਬਾਅਦ
ਮੌਕੇ ਦਾ ਗਵਾਹ ਪੇਸ਼ ਹੋਇਆ !

ਪੁਲਸ ਦੇ ਗੋਲੀ ਬਾਰ ਵੇਲੇ,
ਇਕ ਰੁੱਖ ਦੇ ਟਾਹਣਾ ਵਿਚ
ਇਕ ਕਾਂ ਜਾਗਦਾ ਸੀ,
ਉਹੀ ਸਭ ਕੁਝ ਜਾਣਦਾ ਸੀ !

ਬੜੀ ਬਹਿਸ ਤੋਂ ਬਾਅਦ,
ਬੜੇ ਵਾਦ-ਵਿਵਾਦ ਤੋਂ ਬਾਅਦ,
ਬੜੇ ਸੁਆਲੋ-ਜੁਆਬ ਤੋਂ ਬਾਅਦ,
ਕਾਂ ਨੇ
ਸਰਕਾਰ ਦੀ ਵੱਡੀ ਕਚਹਿਰੀ ਤੋਂ ਪੁੱਛਿਆ,
'ਮੇਰੀਆਂ ਦੋ ਅੱਖਾਂ ਦਾ
ਤਾਂ ਇਕੋ ਇਕ ਆਨਾ ਹੈ ਹਜ਼ੂਰ !
ਧੌਣ ਮੋੜ ਕੇ
ਕਦੇ ਸੱਜੇ ਕਰ ਲੈਂਦਾ ਹਾਂ
ਕਦੇ ਖੱਬੇ !
ਸੱਜੀ ਗਵਾਹੀ ਦਿਆਂ
ਕਿ ਖੱਬੀ ?"

ਕਹਿੰਦੇ ਨੇ
ਕਾਂ ਦੀ ਏਸ ਗਵਾਹੀ ਤੋਂ ਬਾਅਦ
ਮੇਰੇ ਦੇਸ਼ ਦੀ ਸਰਕਾਰ
ਬੜੇ ਸੰਕਟ ਵਿਚ ਹੈ !

o

## 2. ਸਿਕੰਦਰ ਤੇ ਪੋਰਸ

ਇਤਿਹਾਸ ਨੂੰ ਸਭ ਚੇਤੇ ਰਹਿੰਦਾ ਏ !
ਪਰ ਇਤਿਹਾਸ ਬੜਾ ਭੁਲੱਕੜ ਏ !

ਸਦੀਆਂ ਦੀ ਨਿਰੰਤਰ ਹੋਂਦ 'ਤੇ
ਕਿੰਨੀਆਂ ਹੀ ਯਾਦਾਂ ਉਕਰੀਆਂ ਨੇ,
ਸਾਫ਼ ਤੇ ਧੁੰਦਲੀਆਂ,
ਚੰਗੀਆਂ ਤੇ ਮੰਦੀਆਂ,
ਰੌਸ਼ਨ ਤੇ ਧੁਆਂਖੀਆਂ,
ਸਾਡੇ ਨਿਰੰਤਰ ਸਫ਼ਰ ਦੀਆਂ
ਬੇ-ਸ਼ੁਮਾਰ ਸਾਖੀਆਂ...
ਕਿ ਸਾਡੀ ਜ਼ਿੰਦਗੀ ਦਾ ਕੋਈ ਵੀ ਪੰਨਾ ਕੋਰਾ ਨਹੀਂ !

ਪਰ ਬੇ-ਸਰੋਕਾਰ ਸਿਆਹੀ ਨੇ
ਸਾਡੀਆਂ ਕਿੰਨੀਆਂ ਹੀ ਸੋਗਵਾਰ ਸਦੀਆਂ,
ਸਾਡੀਆਂ ਕਿੰਨੀਆ ਹੀ ਬੇ-ਕਰਾਰ ਸਦੀਆਂ,
ਸਾਡੇ ਕੌਲ-ਕਰਾਰ ਦੀਆਂ ਸਦੀਆਂ,
ਸਾਡੀ ਗੂੰਜ-ਗੁੰਜਾਰ ਦੀਆਂ ਸਦੀਆਂ,
ਸਾਡੀਆਂ ਜੂਝਦੀਆਂ ਜੁਝਾਰ ਸਦੀਆਂ,
ਸਾਡੀ ਘਾਲਣਾ ਦੀਆਂ ਲਗਾਤਾਰ ਸਦੀਆਂ
ਆਪਣੇ ਕੁਝ ਕੁ ਪੰਨਿਆਂ 'ਚ
ਸਮੇਟ ਸੁੱਟੀਆਂ ਹਨ ।

ਇਤਿਹਾਸ ਨੂੰ ਸਭ ਚੇਤੇ ਹੈ !
ਇਤਿਹਾਸ ਬੜਾ ਭੁਲੱਕੜ ਹੈ !

ਇਤਿਹਾਸ ਤਾਂ ਇਹ ਵੀ ਭੁਲ ਜਾਂਦਾ ਏ
ਕਿ ਲਹੂ ਜੰਮ ਕੇ ਸਿਆਹ ਬਣ ਜਾਂਦਾ ਏ,
ਹਰ ਹਉਕਾ, ਹਰ ਹਾਵਾ
ਤੜਫ਼ ਕੇ ਆਹ ਬਣ ਜਾਂਦਾ ਏ,
ਸੰਗ੍ਰਾਮ ਦਾ ਇਕ ਪਲ
ਸਾਡੀ ਹੋਂਦ ਦਾ ਸਾਹ ਬਣ ਜਾਂਦਾ ਏ,
ਗੁਆਚੇ ਰਾਹਾਂ 'ਚੋਂ ਫਿਰ
ਕੋਈ ਨਵਾਂ ਰਾਹ ਬਣ ਜਾਂਦਾ ਏ !

ਇਤਿਹਾਸ ਸਿਕੰਦਰ ਤਾਂ ਨਹੀਂ
ਕਿ ਹਰ ਪੋਰਸ ਤੋਂ
ਗ਼ੁਲਾਮੀ ਦਾ ਵਫ਼ਾ ਮੰਗੇ,
ਇਤਿਹਾਸ ਪੋਰਸ ਤਾਂ ਨਹੀਂ
ਕਿ ਹਰ ਸਿਕੰਦਰ 'ਤੋਂ
ਸ਼ਹਿਨਸ਼ਾਹੀ ਦਾ ਗੁਆਚਿਆ ਕਾਰੋਬਾਰ ਮੰਗੇ,
ਅਧੀਨਤਾ ਦਾ ਦਾਰੋ-ਮਦਾਰ ਮੰਗੇ ।

ਇਤਿਹਾਸ ਇਹੀ ਹੈ
ਕਿ ਅਸੀਂ ਕਫ਼ਣ ਬੰਨ੍ਹ ਕੇ ਨਿਕਲੇ ਸਾਂ
ਸਿਰ-ਧੜ ਦੀ ਬਾਜ਼ੀ ਲਾ ਕੇ,
ਰਣ-ਭੂਮੀ ਵਿਚ ਨਿਤਰੇ ਸਾਂ
ਜੁਰਅਤ ਦੀਆਂ ਮਸ਼ਾਲਾਂ ਲੈ ਕੇ,

ਸ਼ਹਾਦਤ ਦੇ ਚੋਲੇ ਪਾ ਕੇ,
ਬਸੰਤੀ ਰੰਗ ਲਾ ਕੇ,
ਮੈਦਾਨੇ ਜੰਗ ਵਿਚ ਨਿਕਲੇ ਸਾਂ
ਆਜ਼ਾਦੀ ਦੀ ਸਹੁੰ ਖਾ ਕੇ,
ਲਹੂ ਦੇ ਤਿਲਕ ਲਾ ਕੇ ।

ਇਤਿਹਾਸ ਇਹੀ ਹੈ
ਕਿ ਸਿਕੰਦਰ
ਫਿਰ ਸਾਰੀਆਂ ਨਦੀਆਂ ਪਾਰ ਨਹੀਂ ਸੀ ਕਰ ਸਕਿਆ,
ਇਤਿਹਾਸ ਇਹੀ ਹੈ
ਕਿ ਹਿੰਦ ਦਾ ਜਾਇਆ ਨਹੀਂ ਸੀ ਥਕਿਆ !

ਇਤਿਹਾਸ ਇਹੀ ਹੈ
ਕਿ ਜਰਵਾਣੇ ਨੇ ਜਦ ਮੁੜ-ਕੇ ਤਕਿਆ
ਤਾਂ ਸਾਡੀਆਂ ਨਦੀਆਂ ਵਿਚ
ਤੇਗਾਂ ਉੱਗੀਆਂ ਸਨ, ਤਲਵਾਰਾਂ ਉੱਗੀਆਂ ਸਨ !
ਜਰਵਾਣੇ ਦੀ ਤਲੀ 'ਤੇ
ਅਹੁੜਦੀ ਮੌਤ ਦੀਆਂ ਰੇਖਾਵਾਂ ਉੱਗੀਆਂ ਸਨ
ਸਾਡੀ ਗੂੰਜ ਸਦਕੇ, ਲਲਕਾਰ ਸਦਕੇ !
ਸਾਡੀ ਹੋਂਦ ਦੀਆਂ ਕਈ ਸੁਹਾਂ ਪੁੱਗੀਆਂ ਸਨ
ਸਾਡੇ ਤੀਰੋ-ਤਲਵਾਰ ਸਦਕੇ,
ਸਾਡੀ ਯਲਗਾਰ ਸਦਕੇ !
ਇਤਿਹਾਸ ਬੜਾ ਭੁਲੱਕੜ ਹੈ !

ਸਾਡੀਆਂ ਸੁਹਾਂ ਦੀ ਗੱਲ
ਸਾਡੇ ਹੰਭਲੇ ਦੀ ਗੱਲ
ਸਾਡੀਆਂ ਤੇਗਾਂ ਦੀ ਗੱਲ
ਤਾਂ ਭੁੱਲ ਗਿਆ,
ਪਰ ਸਾਡੇ ਜੁਝਾਰ-ਪੁਰਖਾਂ ਦੀ ਲਹੂ-ਸਿਆਹੀ ਨਾਲ
ਆਪਣੇ ਝੂਠੇ ਪੰਨਿਆਂ 'ਤੇ
ਇਹੀ ਲਤੀਫ਼ਾ ਲਿਖਦਾ ਰਿਹਾ :—
ਸਿਕੰਦਰ : 'ਬੋਲ ਤੇਰੇ ਨਾਲ ਕੀ ਸਲੂਕ ਕੀਤਾ ਜਾਏ ?'
ਪੋਰਸ : 'ਜੋ ਇਕ ਸ਼ਹਿਨਸ਼ਾਹ
ਦੂਜੇ ਸ਼ਹਿਨਸ਼ਾਹ ਨਾਲ ਕਰਦਾ ਹੈ !'

o

## 3. ਸੌਂ ਸਕੋਗੇ ਕੀ ਅੱਜ ਦੀ ਰਾਤ ?

ਅਜ ਦੀ ਰਾਤ ਸੌਣਾ ਏ, ਸੋਚਿਆ ਸੀ,
ਕੱਲ੍ਹ ਨਾਲ ਦੋ-ਚਾਰ ਹੋਣਾ ਏ, ਸੋਚਿਆ ਸੀ।
ਪਰ ਸਾਰੀ ਰਾਤ ਨੀਂਦਰ ਨਾ ਆਈ,
ਅਗਲੇ ਦਿਨ ਨੇ ਚੜ੍ਹਨਾ
ਫਿਰ ਬਣ ਕੇ ਕਸਾਈ,
ਕਸਾਈਆਂ ਅਗੇ ਕਿਸ ਦੀ ਚਲਦੀ ਏ ਹਾਈ,
ਸਾਰੀ ਰਾਤ ਨੀਂਦਰ ਨਾ ਆਈ।
ਰਾਤ ਦੇ ਜੰਗਲ ਵਿਚ
ਰੁੱਖਾਂ ਦੀ ਛਾਂ ਨਹੀਂ ਹੁੰਦੀ,
ਅਨੀਂਦੇ ਦੀ ਭਟਕਣ ਵਿਚ
ਲੋਰੀ ਮਾਂ ਨਹੀਂ ਹੁੰਦੀ,
ਖੁੱਲ੍ਹੀਆਂ ਪਲਕਾਂ ਲਈ
ਸੁਪਨਿਆਂ ਦਾ ਸਰਾਂ ਨਹੀਂ ਹੁੰਦੀ।
ਅਜ ਦੀ ਰਾਤ ਰੁੱਖਾਂ ਨੂੰ ਬਣਾਇਆ ਸਾਥੀ !
ਰੁੱਖ ਜਾਗ ਪਏ ਉਚਾਈਆਂ ਦੇ ਸੁਪਨਿਆਂ ਵਿਚੋਂ,
ਬੋਲੇ, 'ਸੌਂ ਲੈ ਦਮ ਭਰ,
ਅਸੀਂ ਜਾਗਾਂਗੇ !'
ਪੰਛੀ ਜਾਗ ਪਏ
ਉਡਾਣਾਂ ਦੇ ਸੁਪਨਿਆਂ ਵਿਚੋਂ,
ਬੋਲੇ, 'ਸੌਂ ਲੈ ਦਮ ਭਰ,
ਅਸੀਂ ਉਡਾਂਗੇ !'
ਤਾਰੇ ਜਾਗ ਪਏ
ਇਕ-ਟਿਕ ਖ਼ੁਮਾਰੀ ਵਿਚੋਂ,
ਬੋਲੇ, 'ਅਸੀਂ ਜਾਗਾਂਗੇ !'
ਅਜ ਦੀ ਰਾਤ
ਹਨੇਰ ਦੇ ਜੰਗਲ ਵਿਚ
ਫਿਰ ਕਿਸ ਨੇ ਸੌਣਾ ਸੀ ?
ਰੁੱਖਾਂ ਦੀਆਂ ਡਾਲਾਂ ਨੇ ਦਿਤੇ ਹਥਿਆਰ !
ਪੰਛੀ-ਡਾਰਾਂ ਨੇ ਦਿਤੀ ਸਾਂਝ ਦੀ ਰਫ਼ਤਾਰ !
ਤਾਰਿਆਂ ਦੀ ਲੋਅ ਨੇ ਕੀਤਾ ਬੜਾ ਹੀ ਸ਼ਰਮਸਾਰ !
ਯਾਦੇ ਨੇ
ਅਜ ਦੀ ਰਾਤ !
ਬੜੀ ਫ਼ੈਸਲਾ-ਕੁਨ ਘੜੀ ਏ
ਅਜ ਦੀ ਰਾਤ !
ਸੌਂ ਸਕੋਗੇ ਕੀ
ਅਜ ਦੀ ਰਾਤ ?

o

## 4. ਖੱਬਾ ਖੂਹ !

(ਲਾਲ ਝੰਡੇ ਦੀਆਂ ਸਾਰੀਆਂ ਪਾਰਟੀਆਂ ਦੇ ਨਾਂ !
— ਇਕ ਹੋ ਜਾਓ !)

ਚੌਰਾਹੇ 'ਤੇ ਖੜੇ ਸਾਂ ਤਿਹਾਏ,
ਖ਼ਾਲੀ ਘੜੇ ਲੈ ਕੇ
ਪਾਣੀ ਦੀ ਭਾਲ ਵਿਚ ਨਿਕਲੇ ਸਾਂ।
ਕਿਸੇ ਕਿਹਾ,
'ਪਾਣੀ ਸੱਜੇ ਹੱਥ ਹੈ !'
ਗਏ —
ਤਾਂ ਸਾਰੇ ਖੂਹ ਖ਼ਾਲੀ ਸਨ।
ਕਿਸੇ ਕਿਹਾ,
'ਪਾਣੀ ਖੱਬੇ ਹੱਥ ਹੈ !'
ਗਏ
ਤਾਂ ਨੌਂ ਝੰਡੇ ਗੱਡੇ ਸਨ,
ਹਰ ਝੰਡੇ 'ਤੇ ਲਿਖਿਆ ਸੀ
'ਪਾਣੀ ਮੇਰੇ ਹੱਥ ਹੈ !'
ਦਿਸ਼ਾ ਸਭ ਦੀ ਖੱਬੀ ਸੀ,
ਪਰ ਥੋੜੀ ਉਰਾਰ
ਥੋੜੀ ਪਰਾਰ,

ਥੋੜ੍ਹੀ ਹੇਠਾਂ
ਥੋੜ੍ਹੀ ਉੱਤੇ,
ਥੋੜ੍ਹੀ ਏਧਰ
ਥੋੜ੍ਹੀ ਓਧਰ,
ਥੋੜ੍ਹੀ ਉੱਲਾਰ ।
ਖੂਹ ਮ੍ਰਿਗ-ਜੱਲ ਦਾ ਝਉਲਾ ਬਣ ਕੇ
ਦਿਸ ਰਹੇ ਸਨ ਹਰ ਪਾਸੇ ।
ਅਸੀਂ ਪਰਤ ਆਏ
ਸੁੱਕੇ ਤੇ ਖ਼ਾਲੀ ਘੜੇ ਲੈ ਕੇ
ਉਸੇ ਚੌਰਾਹੇ 'ਤੇ ।
ਸੱਜਾ ਖੂਹ ਵੇਖ ਆਏ ਹਾਂ
ਬਾਰ ਬਾਰ ਜਾ ਕੇ,

ਸੁੱਕਾ ਹੈ ! ਸੁੱਕਾ ਹੈ !
ਖੱਬਾ-ਖੂਹ
ਕਿਸੇ ਪਾਤਾਲ ਵਿਚ ਨਾ ਲਹਿ ਜਾਏ,
ਸਾਡੀ ਹੋਂਦ ਦਾ ਪਾਣੀ
ਮ੍ਰਿਗ-ਤ੍ਰਿਸ਼ਨਾ ਨਾ ਰਹਿ ਜਾਏ,
ਇਹੀ ਸ਼ੁਬ੍ਹਾ ਹੈ, ਸ਼ੱਕ ਹੈ ।
ਕਦੇ ਸੋਚਿਆ ਵੀ ਨਹੀਂ ਸੀ
ਕਿ ਪਾਣੀ ਦੀ ਨਿਰਮਲ ਧਾਰਾ ਵਿਚ ਵੀ
ਏਨੇ ਦੰਦ-ਫੰਦ ਹੁੰਦੇ ਹਨ !
ਖੂਹਾਂ ਦੇ ਵੀ ਮਸੰਦ ਹੁੰਦੇ ਹਨ !
ਪਾਣੀਆਂ ਦੇ ਵੀ ਏਨੇ ਪ੍ਰਸੰਗ ਹੁੰਦੇ ਹਨ !
o

---

# ਪਾਠਕ ਲੇਖਕ ਫੋਰਮ

ਇਸ ਅੰਕ ਤੋਂ ਅਸੀਂ ਪਾਠਕ ਲੇਖਕ ਫੋਰਮ ਦਾ ਵਿਸਥਾਰ ਕਰ ਰਹੇ ਹਾਂ । ਇਸ ਵਿਚ ਅਸੀਂ ਜਿਥੇ ਉਹ ਟਿਪਣੀਆਂ ਛਾਪਾਂਗੇ, ਜਿਨਾਂ ਬਾਰੇ ਵਾਦਵਿਵਾਦ ਹੈ, ਉਥੇ ਅਸੀਂ ਲੇਖਕਾਂ ਪਾਠਕਾਂ ਵਲੋਂ ਭੇਜੀਆਂ ਗਈਆਂ ਉਹ ਲਿਖਤਾਂ ਵੀ ਛਾਪਾਂਗੇ, ਜਿਹੜੀਆਂ ਅਸੀਂ ਸਮਝਦੇ ਹਾਂ ਕਿ ਸਾਧਾਰਨ ਪਾਠਕਾਂ ਲਈ ਦਿਲਚਸਪੀ ਅਤੇ ਚਰਚਾ ਦਾ ਵਿਸ਼ਾ ਬਣ ਸਕਦੀਆਂ ਹਨ। ਸੰਪਾਦਕ ਵਲੋਂ ਟਿਪਣੀਆਂ ਵੀ ਇਸੇ ਫੋਰਮ ਵਿਚ ਦਿਤੀਆਂ ਜਾਣਗੀਆਂ । ਇਸ ਫੋਰਮ ਵਾਸਤੇ ਲਿਖਣ ਲਈ ਸਾਡਾ ਪਾਠਕਾਂ ਲੇਖਕਾਂ ਨੂੰ ਖੁਲ੍ਹਾ ਸੱਦਾ ਹੈ । — ਸੰਪਾਦਕ

## 1. ਲੂ-ਸ਼ੁਨ ਜਨਮ ਸ਼ਤਾਬਦੀ ਸਮਾਰੋਹ – ਇਕ ਰੀਪੋਰਟ

ਆਧੁਨਿਕ ਚੀਨੀ ਸਾਹਿਤ ਦੇ ਸਭ ਤੋਂ ਵੱਧ ਮਹੱਤਵਪੂਰਨ ਲੇਖਕ, ਚੀਨ ਦੇ ਗੋਰਕੀ ਕਹੇ ਜਾਂਦੇ ਅਤੇ ਮਾਓ ਜ਼ੇ ਤੁੰਗ ਦੇ ਸ਼ਬਦਾਂ ਵਿਚ 'ਆਧੁਨਿਕ ਚੀਨ ਦੇ ਰਿਸ਼ੀ' ਲੂ-ਸ਼ੁਨ ਦੀ ਜਨਮ ਸ਼ਤਾਬਦੀ ਏਸ ਵਰ੍ਹੇ ਸਾਰੀ ਦੁਨੀਆ ਵਿਚ ਮਨਾਈ ਜਾ ਰਹੀ ਹੈ । ਏਸ ਸੰਬੰਧ ਵਿਚ ਸਰਕਾਰੀ ਤੇ ਗੈਰ-ਸਰਕਾਰੀ ਦੋਵਾਂ ਪੱਧਰਾਂ ਤੇ ਜਸ਼ਨ ਮਨਾਏ ਜਾ ਰਹੇ ਹਨ । ਚੀਨ ਵਿਚ ਵੱਡੇ ਪੱਧਰ ਤੇ ਜਸ਼ਨ ਮਨਾਏ ਗਏ ਹਨ ਤੇ ਮਨਾਏ ਜਾ ਰਹੇ ਹਨ । ਏਸ ਮੌਕੇ ਲੂ-ਸ਼ੁਨ ਸੰਬੰਧੀ ਮਾਓ ਜ਼ੇ-ਤੁੰਗ ਦਾ 1937 ਵਿਚ ਲਿਖਿਆ, ਹੁਣ ਤਕ ਅਪ੍ਰਕਾਸ਼ਤ ਇਕ ਲੇਖ ਵੀ ਚੀਨੀ ਕਮਿਊਨਿਸਟ ਪਾਰਟੀ ਵਲੋਂ ਪ੍ਰਕਾਸ਼ਤ ਕੀਤਾ ਗਿਆ ਹੈ । ਲੂ-ਸ਼ੁਨ ਦੀ ਕਹਾਣੀ 'ਬੀਤੇ ਦਾ ਪਛਤਾਵਾ' ਤੇ ਅਧਾਰਤ ਇਕ ਫਿਲਮ ਵੀ ਇਸ ਮੌਕੇ ਤੇ ਚੀਨ ਵਿਚ ਬਣਾਈ ਗਈ ਹੈ ।

ਇਸੇ ਸੰਬੰਧ ਵਿਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਦੇ ਅਫ਼ਰੀਕੀ-ਏਸ਼ੀਆਈ ਭਾਸ਼ਾਵਾਂ ਦੇ ਕੇਂਦਰ, ਜਿਥੇ ਚੀਨੀ ਭਾਸ਼ਾ ਪੜ੍ਹਾਈ ਜਾਂਦੀ ਹੈ, ਵਲੋਂ ਇਕ ਤਿੰਨ ਦਿਨਾ ਸੈਮੀਨਾਰ ਤੇ ਸਭਿਆਚਾਰਕ ਪ੍ਰੋਗਰਾਮ ਮਨਾਇਆ ਗਿਆ । ਕੇਂਦਰ ਵਿਚ ਪੜ੍ਹਾਈਆਂ ਜਾਂਦੀਆਂ ਕੁਝ ਹੋਰ ਭਾਸ਼ਾਵਾਂ – ਜਾਪਾਨੀ, ਫਾਰਸੀ ਆਦਿ ਦੇ ਅਧਿਕਾਰੀਆਂ ਵਲੋਂ ਅੜਿਕੇ ਲਾਉਣ ਦੇ ਬਾਵਜੂਦ, ਪ੍ਰੋ: ਤਾਨ ਚੁੰਗ ਤੇ ਉਨਾਂ ਦੇ ਸਾਥੀ ਅਧਿਆਪਕ-ਵਿਦਿਆਰਥੀ ਸੈਮੀਨਾਰ ਨੂੰ ਸਫਲਤਾ ਨਾਲ ਨੇਪਰੇ ਚੜ੍ਹਾ ਸਕੇ। ਸੈਮੀਨਾਰ ਦਾ ਉਦਘਾਟਨ 9 ਨਵੰਬਰ ਸ਼ਾਮੀ ਟੈਲੀਵਿਜ਼ਨ ਦੇ ਐਡੀਸ਼ਨਲ ਡਾਇਰੈਕਟਰ ਤੇ ਪ੍ਰਸਿੱਧ ਹਿੰਦੀ ਲੇਖਕ ਕਮਲੇਸ਼ਵਰ ਨੇ ਕੀਤਾ । ਉਦਘਾਟਨੀ ਮੌਕੇ ਭਾਰਤ ਵਿਚ ਚੀਨ ਦੇ ਰਾਜਦੂਤ ਸ੍ਰੀ ਸ਼ੇਨ ਜਿਆਂਗ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਵਾਈ. ਨਾਇਡੂਅਮਾਂ ਆਦਿ ਨੇ ਤਕਰੀਰਾਂ ਕੀਤੀਆਂ । ਪ੍ਰੋ: ਤਾਨ ਚੁੰਗ ਨੇ ਲੂ-ਸ਼ੁਨ ਬਾਰੇ ਜਾਣਕਾਰੀ ਦਿਤੀ ਅਤੇ ਚੀਨੀ ਭਾਸ਼ਾ ਦੇ ਵਿਦਿਆਰਥੀਆਂ ਨੇ ਲੂ-ਸ਼ੁਨ ਦੀ ਸ਼ਾਨ ਵਿਚ ਇਕ ਗੀਤ ਚੀਨੀ ਭਾਸ਼ਾ ਵਿਚ ਪੇਸ਼ ਕੀਤਾ । ਉਦਘਾਟਨੀ ਸਮਾਗਮ ਤੋਂ ਬਾਦ ਲੂ-ਸ਼ੁਨ ਦੀ ਕਹਾਣੀ 'ਨਵੇਂ ਵਰ੍ਹੇ ਦਾ ਬਲੀਦਾਨ' ਤੇ ਅਧਾਰਤ 1956 ਵਿਚ ਬਣਾਈ ਗਈ ਇਕ ਫਿਲਮ ਦਿਖਾਈ ਗਈ, ਜਿਸ ਤੋਂ ਦਰਸ਼ਕ ਬਹੁਤ ਪ੍ਰਭਾਵਤ ਹੋਏ । ਜਗੀਰੂ ਸਮਾਜ ਵਿਚ ਕੰਮ ਕਰਨ ਵਾਲੀ ਗਰੀਬ ਔਰਤ ਦੇ ਦੁਖਾਂ ਦੀ ਮਾਰਮਕ ਕਹਾਣੀ ਇਸ ਫਿਲਮ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ ਗਈ ਹੈ ।

10 ਤੇ 11 ਨਵੰਬਰ ਨੂੰ ਲੂ-ਸ਼ੁਨ ਸੰਬੰਧੀ, ਲਗਭਗ

30 ਪੇਪਰ 6 ਸ਼ੈਸ਼ਨਾਂ ਵਿਚ ਪੜ੍ਹੇ ਗਏ। 10 ਨਵੰਬਰ ਨੂੰ ਪਹਿਲੇ ਸ਼ੈਸ਼ਨ ਵਿਚ 'ਲੂ-ਸ਼ੁਨ ਦਾ ਸਾਹਿਤ ਤੇ ਸਮਾਜ' ਵਿਸ਼ੇ ਤੇ ਪ੍ਰੋ: ਤਾਨ ਚੁੰਮ ਦਾ ਪੇਪਰ 'ਲੂ-ਸ਼ੁਨ-ਜਮਾਤੀ ਘੋਲ ਇਕ ਅਧਿਐਨ,' ਪ੍ਰੋ: ਵਿਮਲਾ ਸਰਨ – 'ਲੂ-ਸ਼ੁਨ ਦੇ ਸਾਹਿਤ ਵਿਚ ਔਰਤ' ਤੇ ਕੁਝ ਹੋਰ ਪੇਪਰ ਪੜ੍ਹੇ ਗਏ। ਮਨੋਰੰਜਨ ਵਿਸ਼ਵਾਸ਼ ਜੋ ਕਲਕੱਤੇ ਤੋਂ ਇਨਕਲਾਬੀ ਨਾਟਕਾਂ ਦਾ ਮੈਗਜ਼ੀਨ ਸੰਪਾਦਤ ਕਰਦੇ ਹਨ, ਨੇ ਆਪਣੇ ਪਰਚੇ ਵਿੱਚ ਕਿਹਾ "ਹਿੰਦੁਸਤਾਨ ਵਰਗੇ ਅਰਧ-ਜਗੀਰੂ, ਅਰਧ-ਬਸਤੀਵਾਦੀ ਦੇਸ਼ ਵਿਚ ਲੂ-ਸ਼ੁਨ ਜਨਮ ਸ਼ਤਾਬਦੀ ਮਨਾਉਣ ਦਾ ਅਰਥ ਇਹ ਹੈ ਕਿ ਜਮਾਤੀ ਘੋਲ ਨੂੰ ਸਮਝਿਆ ਜਾਵੇ ਤੇ ਸਭਿਆਚਾਰਾਂ ਦੇ ਸਾਰੇ ਪੱਖਾਂ ਵਿਚ ਇਸ ਨੂੰ ਲਾਗੂ ਕੀਤਾ ਜਾਵੇ, ਸਾਮਰਾਜਵਾਦੀ ਤੇ ਜਗੀਰੂ ਸੋਚ ਤੇ ਨੈਤਿਕਤਾ ਨੂੰ ਜ਼ਿੰਦਗੀ ਵਿਚੋਂ ਤਬਾਹ ਕੀਤਾ ਜਾਵੇ ਤੇ ਸਭਿਆਚਾਰਕ ਇਨਕਲਾਬ ਨੂੰ ਜਿੱਤੇ ਤੱਕ ਜਾਰੀ ਰਖਿਆ ਜਾਵੇ।' ਵਿਮਲਾ ਸਰਨ ਨੇ ਆਪਣੇ ਪਰਚੇ ਵਿਚ ਕਿਹਾ 'ਲੂ-ਸ਼ੁਨ ਨੇ ਔਰਤਾਂ ਦੇ ਦੁਖ ਉਘਾੜੇ ਅਤੇ ਔਰਤਾਂ ਦੇ ਸੰਘਰਸ਼ ਲਈ ਅਵਾਜ਼ ਉਠਾਈ। ਨਾ ਸਿਰਫ ਉਹ, ਉਨ੍ਹਾਂ ਦਾ ਹਮਦਰਦ ਸੀ, ਸਗੋਂ ਉਸ ਦੇ ਕਰੋੜਾਂ ਦੀ ਹਮਦਰਦੀ ਉਨ੍ਹਾਂ ਲਈ ਪੈਦਾ ਕੀਤੀ।' ਪ੍ਰੋ: ਤਾਨ ਚੁੰਗ ਨੇ ਲੂ-ਸ਼ੁਨ ਦੇ ਪ੍ਰਸਿੱਧ ਚਰਿਤ੍ਰ 'ਆਹ ਕਿਉ' ਦੇ ਕੁਝ ਅੰਸ਼ ਲੂ-ਸ਼ੁਨ ਦੀ ਆਪਣੀ ਸ਼ਖਸ਼ੀਅਤ ਵਿਚ ਵੀ ਦਿਖਾਉਣ ਦੀ ਕੋਸ਼ਿਸ਼ ਕੀਤੀ। ਪ੍ਰੋ: ਹੁਆਂਗ-ਆਈ ਸ਼ੁ ਜੋ ਕਿ ਤਾਨ ਚੁੰਮ ਦੀ ਜੀਵਨ-ਸਾਥਣ ਵੀ ਹਨ, ਨੇ ਪ੍ਰੋ: ਤਾਨ ਚੁੰਮ ਦੀਆਂ ਧਾਰਨਾਵਾਂ ਦਾ ਖੰਡਨ ਕੀਤਾ ਤੇ ਸ੍ਰੀ ਸੁਜਾਤੋ ਭੱਦਰ ਨੇ ਵੀ ਤਾਨ ਚੁੰਮ ਦੇ ਪਰਚੇ ਦੀਆਂ ਅੰਦਰੂਨੀ ਵਿਰੋਧਤਾਈਆਂ ਨੂੰ ਉਘਾੜਿਆ। ਇਸ ਸ਼ੈਸ਼ਨ ਵਿਚ ਲਤਿਕਾ ਲਾਹਿੜੀ ਦਾ ਪਰਚਾ ਪੜ੍ਹਿਆ ਨਹੀਂ ਗਿਆ, ਪਰ ਵੰਡਿਆ ਗਿਆ, ਜਿਸਦਾ ਸਿਰਲੇਖ ਸੀ 'ਲੂ-ਸ਼ੁਨ': ਚੀਨੀ ਇਨਕਲਾਬੀ ਸਾਹਿਤ ਦੇ ਵਿਚਾਰਾਂ ਦੇ ਖੇਤਰ ਵਿਚ ਸਭ ਤੋਂ ਵਧ ਸ਼ਾਨਦਾਰ ਦੇਣ,' ਇਹ ਪਰਚਾ ਵੀ ਲੂ-ਸ਼ੁ: ਦੇ ਮਹੱਤਵ ਨੂੰ ਸਪਸ਼ਟ ਰੂਪ ਵਿਚ ਉਘਾੜਨ ਵਾਲਾ ਸੀ।

10 ਨਵੰਬਰ ਨੂੰ ਹੀ ਦੂਜੇ ਸ਼ੈਸ਼ਨ ਦੀ ਪ੍ਰਧਾਨਗੀ ਪ੍ਰਸਿੱਧ ਹਿੰਦੀ ਕਵੀ ਤੇ ਸਪਤਾਹਕ "ਦਿਨਮਾਨ' ਦੇ ਸੰਪਾਦਕ ਰਘੁਬੀਰ ਸਹਾਇ ਨੇ ਕੀਤੀ। ਇਹ ਸ਼ੈਸ਼ਨ ਵਿਸ਼ੇਸ਼ ਮਹੱਤਵ ਵਾਲਾ ਸੀ, ਕਿਉਂਕਿ ਇਸ ਵਿਚ ਲੋਕ-ਚੀਨ ਤੋਂ ਇਸ ਸੈਮੀਨਾਰ ਵਿਚ ਵਿਸ਼ੇਸ਼ ਰੂਪ ਵਿਚ ਹਿੱਸਾ ਲੈਣ ਆਏ ਲੇਖਕ ਪ੍ਰੋ: ਵਾਂਸ ਸ਼ੀ ਜਿੰਗ ਨਾਲ ਗੈਰ-ਰਸਮੀ ਗਲਬਾਤ ਸੀ। ਉਨ੍ਹਾਂ 'ਚੀਨੀ-ਭਾਰਤੀ ਸਾਹਿਤੱਕ ਵਟਾਂਦਰੇ ਦਾ ਮੰਤਰੀ 'ਲੂ-ਸ਼ੁਨ' ਦੇ ਸਿਰਲੇਖ ਹੇਠ ਛੋਟਾ ਪੇਪਰ ਵੀ ਪੜ੍ਹਿਆ। ਇਸ ਪੇਪਰ ਵਿਚ ਉਨ੍ਹਾਂ ਕਿਹਾ ਕਿ ਲੂ-ਸ਼ੁਨ ਨੂੰ 'ਭਾਰਤ ਦੇ ਕਲਾਸੀਕਲ ਸਾਹਿਤ – ਵੇਦ, ਮਹਾਭਾਰਤ ਰਮਾਇਣ ਆਦਿ ਵਿਚ ਬੜੀ ਰੁਚੀ ਸੀ। ਉਸਨੇ ਹਿੰਦੁਸਤਾਨੀ ਲੋਕਾਂ ਨੂੰ ਇਹ ਸਾਹਿਤ ਪੜ੍ਹ ਕੇ ਸਮਝਿਆ।' ਵਾਂਸ ਸ਼ੀ ਜਿੰਗ, ਲੂ-ਸ਼ੁਨ ਖੋਜ ਸੰਸਥਾਨ ਦੇ ਉਪਪ੍ਰਧਾਨ ਹਨ, 63 ਸਾਲਾਂ ਦੇ ਇਸ ਵਿਦਵਾਨ ਨਾਲ ਸੈਮੀਨਾਰ ਦੇ ਸਰੋਤਿਆਂ ਬੜੀ ਦਿਲਚਸਪ ਗਲਬਾਤ ਕੀਤੀ – ਕੁਝ ਸਵਾਲ ਤੇ ਜਵਾਬ ਸੰਖੇਪ ਵਿਚ ਹਾਜ਼ਰ ਹਨ।

ਸਵਾਲ – 1924 ਵਿਚ ਰਵਿੰਦਰ ਨਾਥ ਟੈਗੋਰ ਚੀਨ ਗਏ, ਲੂ-ਸ਼ੁਨ ਉਨ੍ਹਾਂ ਨੂੰ ਕਿਉਂ ਨਹੀਂ ਮਿਲੇ ?

ਜਵਾਬ – ਲੂ-ਸ਼ੁਨ ਟੈਗੋਰ ਦੀ ਬੜੀ ਇਜ਼ਤ ਕਰਦੇ ਸਨ, 1926 ਵਿਚ ਉਨ੍ਹਾਂ ਟੈਗੋਰ ਦੀ ਪ੍ਰਸ਼ੰਸ਼ਾ ਵਿਚ ਇਕ ਲੇਖ ਵੀ ਲਿਖਿਆ। ਕੋਮਿਨਤਾਂਗ ਅਧਿਕਾਰੀਆਂ ਦੀ ਸਖਤੀ ਕਾਰਨ ਉਹ ਟੈਗੋਰ ਨੂੰ ਨਹੀਂ ਮਿਲ ਸਕੇ।

ਸਵਾਲ – ਲੂ-ਸ਼ੁਨ ਚੀਨੀ ਕਮਿਊਨਿਸਟ ਪਾਰਟੀ ਦੇ ਮੈਂਬਰ ਕਿਉਂ ਨਹੀਂ ਬਣੇ ?

ਜਵਾਬ – ਇਹ ਬੜਾ ਪੇਚੀਦਾ ਸਵਾਲ ਹੈ !

ਸਵਾਲ – ਕੀ ਲੂ-ਸ਼ੁਨ ਨੀਤਸ਼ੇ ਤੋਂ ਪ੍ਰਭਾਵਤ ਸਨ ?

ਜਵਾਬ – 1907 ਵਿਚ ਉਨ੍ਹਾਂ ਨੀਤਸ਼ੇ ਦੀ ਤਾਰੀਫ਼ ਕੀਤੀ। ਪਰ ਚਾਰ ਮਈ 1919 ਲਹਿਰ ਦੇ ਨੇੜ-ਤੇੜ ਉਨ੍ਹਾਂ ਨੀਤਸ਼ੇ ਦੀ ਆਲੋਚਨਾ ਸ਼ੁਰੂ ਕਰ ਦਿਤੀ ਅਤੇ ਆਪਣੀ ਜ਼ਿੰਦਗੀ ਦੇ ਆਖਰੀ ਵਰ੍ਹਿਆਂ ਵਿਚ ਉਹ ਨੀਤਸ਼ੇ ਦੀ ਸਖਤ ਆਲੋਚਨਾ ਕਰਦੇ ਸਨ।

ਸਵਾਲ – ਕੀ ਟੈਗੋਰ ਤੇ ਲੂ-ਸ਼ੁਨ ਦੀ ਤੁਲਨਾ ਕੀਤੀ ਜਾ ਸਕਦੀ ਹੈ ?

ਜਵਾਬ – ਚੀਨ ਵਿਚ ਅਸੀਂ ਟੈਗੋਰ ਦਾ ਸਾਹਿਤ ਦਸ ਜਿਲਦਾਂ ਵਿਚ ਛਾਪਿਆ ਹੈ। ਅਸੀਂ ਦੂਜੇ ਲੋਕਾਂ ਦੇ ਲੇਖਕਾਂ ਦੀ ਕਦਰ ਕਰਦੇ ਹਾਂ। ਦੋਵੇਂ ਲੇਖਕ ਮਹਾਨ ਸਭਿਆਚਾਰਾਂ ਦੀ ਪੈਦਾਵਾਰ ਹਨ। ਸਭਿਆਚਾਰਕ ਪਰੰਪਰਾ ਦਾ ਮੁਲਅੰਕਣ ਪੇਚੀਦਾ ਕੰਮ ਹੈ। (ਸ਼੍ਰੀ ਸੁਜਾਤੋ ਭੱਦਰ ਨੇ ਟੈਗੋਰ ਨੂੰ ਲੋਟੂ ਜਮਾਤ ਦਾ ਪ੍ਰਤੀਨਿਧ ਲੇਖਕ ਕਿਹਾ) ਮੈਂ ਭਾਰਤੀ ਸਿਆਸੀ ਹਾਲਤ ਬਾਰੇ ਅਣਜਾਣ ਹਾਂ !

ਸਵਾਲ – ਕੀ ਲੂ-ਸ਼ੁਨ ਤੇ ਗੋਗੋਲ ਦਾ ਪ੍ਰਭਾਵ ਸੀ ?

ਜਵਾਬ – ਹਾਂ !

ਸਵਾਲ – ਲੂ-ਸ਼ੁਨ ਨੇ ਜੋ ਕਲਮੀ ਨਾਂ ਚੁਣੇ, ਉਸ ਦਾ ਕੀ ਅਧਾਰ ਸੀ ?

ਜਵਾਬ – ਲੂ-ਸ਼ੁਨ ਨੇ ਕਰੀਬ 140 ਕਲਮੀ ਨਾਂ ਵਰਤੇ, ਕੋਮਿਨਤਾਂਗ ਅਧਿਕਾਰੀਆਂ ਤੋਂ ਬਚਣ ਲਈ। ਲੂ, ਉਨ੍ਹਾਂ ਦੀ ਮਾਂ ਦਾ ਪਰਵਾਰਕ ਨਾਂ ਸੀ; ਸ਼ੁਨ-'ਤੇਜ਼ ਜਾਂ ਗਤੀ ਸ਼ੀਲ'।

ਸਵਾਲ – ਤੁਹਾਡੇ ਵਿਚਾਰ ਵਿਚ ਭਾਰਤੀ ਲੇਖਕ ਲੂ-ਸ਼ੁਨ ਤੋਂ ਵੀ ਸਿੱਖ ਸਕਦੇ ਹਨ ? ਕੀ 'ਆਹ ਕਿਊ ਦੀ ਸੱਚੀ ਕਹਾਣੀ' 'ਨਵੇਂ ਵਰ੍ਹੇ ਬਲੀਦਾਨ,' ਆਦਿ ਰਚਨਾਵਾਂ ਸਮਕਾਲੀ ਭਾਰਤੀ ਸਮਾਜ ਲਈ ਪ੍ਰਸੰਸਕ ਹਨ ?

ਜਵਾਬ – ਲੂ-ਸ਼ੁਨ ਅੰਤਰਰਾਸ਼ਟਰੀ ਲੇਖਕ ਸੀ। ਭਾਰਤੀ ਲੇਖਕ ਹੀ ਇਹ ਨਿਰਣਾ ਵੱਧ ਚੰਗੀ ਤਰ੍ਹਾਂ ਕਰ ਸਕਦੇ ਹਨ ਕਿ ਲੂ-ਸ਼ੁਨ ਤੋਂ ਕੀ ਸਿਖਿਆ ਜਾ ਸਕਦਾ ਹੈ।

ਸਵਾਲ – ਚੀਨ ਦੇ ਮਹਾਨ ਪ੍ਰੋਲਤਾਰੀ ਸਭਿਆਚਾਰਕ ਇਨਕਲਾਬ ਬਾਰੇ ਤੁਹਾਡਾ ਕੀ ਵਿਚਾਰ ਹੈ ?

ਜਵਾਬ – ਇਹ ਉਲਟ ਇਨਕਲਾਬ ਸੀ, ਪਿਛਾਂਹ ਖਿੱਚੂ ਲਹਿਰ ਸੀ।

10 ਨਵੰਬਰ ਨੂੰ ਤੀਜਾ ਸ਼ੈਸ਼ਨ ਪ੍ਰੋ. ਨਾਮਵਰ ਸਿੰਘ ਦੀ ਪ੍ਰਧਾਨਗੀ ਵਿਚ ਹੋਇਆ। ਇਸ ਵਿਚ ਸ੍ਰੀ ਚੰਚਲ ਚੌਹਾਨ ਨੇ 'ਲੂ-ਸ਼ੁਨ ਦਾ ਸਾਹਿਤ ਤੇ ਸਮਕਾਲੀ ਹਿੰਦੀ ਸਾਹਿਤ,' ਹਰਮਾਲਾ ਗੁਪਤਾ ਨੇ 'ਲੂ-ਸ਼ੁਨ ਨਿਹਿਲਿਸਟ ਜਾਂ ਮਾਰਕਸਵਾਦੀ ?' ਸ਼ੀਲਾ ਮੂਰਥੀ ਨੇ 'ਲੂ-ਸ਼ੁਨ ਅਤੇ ਸਮਾਜੀ ਵਿਰੋਧ' ਆਦਿ ਤੇ ਕੁਝ ਹੋਰ ਪਰਚੇ ਪੜ੍ਹੇ ਗਏ। ਹਰਮਾਲਾ ਗੁਪਤਾ ਨੇ ਆਪਣੇ ਵਿਦਵਤਾ ਪੂਰਨ ਤਰਕਾਂ ਨਾਲ ਸਾਬਤ ਕੀਤਾ ਕਿ ਲੂ-ਸ਼ੁਨ ਤੇ ਸ਼ੁਰੂ ਵਿਚ ਨੀਤਸ਼ੇ ਆਦਿ ਦਾ ਪ੍ਰਭਾਵ ਸੀ ਪਰ ਬਾਦ ਵਿਚ ਉਹ ਮਾਰਕਸਵਾਦੀ ਪਰੰਪਰਾ ਦਾ ਅੰਗ ਬਣੇ ਤੇ ਉਨ੍ਹਾਂ ਨੂੰ ਇਸ ਪਰੰਪਰਾ ਦਾ ਅੰਗ ਬਣਾਉਣ ਵਿਚ ਮਾਓ ਜ਼ੇ ਤੁੰਗ ਦੀ ਅਗਵਾਈ ਵਿਚ ਚੀਨੀ ਕਮਿਊਨਿਸਟ ਪਾਰਟੀ ਦੀਆਂ ਸਹੀ ਨੀਤੀਆਂ ਦਾ ਵੱਡਾ ਹੱਥ ਸੀ। ਸ੍ਰੀਮਤੀ ਸ਼ੀਲਾ ਮੂਰਥੀ ਨੇ ਲੂ-ਸੁਨ ਨੂੰ ਇਨਕਲਾਬੀ ਸਾਹਿਤਕਾਰ ਮੰਨਣ ਤੋਂ ਝਿਜਕ ਜ਼ਾਹਰ ਕੀਤੀ, ਜਿਸ ਤੇ ਭਖਵੀਂ ਬਹਿਸ ਹੋਈ ਡਾ. ਮੈਨੇਜਰ ਪਾਂਡੇ ਤੇ ਸੁਜਾਤੇ ਭੱਦਰ ਤੇ ਚਮਨ ਲਾਲ ਨੇ ਲੂ-ਸ਼ੁਨ ਨੂੰ ਮਹਾਨ ਇਨਕਲਾਬੀ ਲੇਖਕ ਕਿਹਾ। ਪ੍ਰਧਾਨਗੀ ਭਾਸ਼ਨ ਵਿਚ ਪ੍ਰਸਿੱਧ ਹਿੰਦੀ ਵਿਦਵਾਨ ਪ੍ਰੋ. ਨਾਮਵਰ ਸਿੰਘ ਨੇ ਲੂ-ਸ਼ੁਨ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਉਨ੍ਹਾਂ ਕਿਹਾ ਕਿ ਵੀਹਵੀਂ ਸਦੀ ਵਿਚ ਕਿਸੇ ਵੀ ਦੇਸ਼ ਦੇ, ਕਿਸੇ ਵੀ ਲੇਖਕ ਦੀ ਸਮਝ ਏਨੀ ਸਾਫ਼ ਨਹੀਂ ਸੀ, ਜਿੰਨ੍ਹੀ ਲੂ-ਸ਼ੁਨ ਦੀ ਸੀ, ਇਸ ਪ੍ਰਸੰਗ ਵਿਚ ਉਨ੍ਹਾਂ ਲੂ-ਸ਼ੁਨ ਨੂੰ ਗੋਰਕੀ ਤੋਂ ਵੀ ਮਹਾਨ ਦਸਿਆ।

10 ਨਵੰਬਰ ਸ਼ਾਮ ਨੂੰ ਇਕ ਨਵੀਂ ਚੀਨੀ ਫਿਲਮ 'ਜਦ ਪਹਾੜ ਲਾਲ ਪੱਤਿਆਂ ਨਾਲ ਢਕੇ ਜਾਂਦੇ ਹਨ' ਵਿਖਾਈ ਗਈ।

11 ਨਵੰਬਰ ਨੂੰ ਪਹਿਲੇ ਸ਼ੈਸ਼ਨ ਵਿਚ ਹੁਆਂਮ-ਆਈ ਸ਼ੂ ਨੇ 'ਲੂ-ਸ਼ੁਨ ਦੇ ਲੇਖਾਂ ਬਾਰੇ,' ਸੱਤਿਆ ਪ੍ਰਕਾਸ਼ ਨੇ 'ਲੂ-ਸ਼ੁਨ ਦੀਆਂ ਕਹਾਣੀਆਂ ਵਿਚ ਯਥਾਰਥਵਾਦ' ਅਤੇ ਦੇਬ ਬ੍ਰਤ ਪੰਡਾ ਨੇ 'ਲੂ-ਸ਼ੁਨ ਤੇ ਅਸੀਂ' ਆਦਿ ਤੇ ਕੁਝ ਹੋਰ ਪਰਚੇ ਪੜ੍ਹੇ ਗਏ। ਦੇਬ ਪੰਡਾ ਨੇ ਆਪਣੇ ਪਰਚੇ ਵਿਚ ਕਿਹਾ – 'ਜੋ ਲੋਕ ਆਪਣੀ ਕਲਾ ਤੇ ਸਾਹਿਤ ਰਾਹੀਂ ਕਾਮਿਆਂ ਦੀ ਜ਼ਿੰਦਗੀ ਦੀ ਸੇਵਾ ਕਰਨੀ ਚਾਹੁੰਦੇ ਹਨ, ਉਨ੍ਹਾਂ ਨੂੰ ਸਾਂਝੇ ਉਦੇਸ਼ ਲਈ ਇਕ ਮੁੱਠ ਹੋਣਾ ਚਾਹੀਦਾ ਹੈ, ਅਜਿਹੀ ਸਭਿਆਚਾਰਕ ਲਹਿਰ ਉਸਾਰਨੀ ਚਾਹੀਦੀ ਹੈ ਜੋ ਗਰੀਬ ਲੋਕਾਂ ਨੂੰ ਜਾਗ੍ਰਿਤ ਕਰੇ। ਇਸੇ ਤਰ੍ਹਾਂ ਅਸੀਂ ਆਪਣੇ ਮਹਾਨ ਅਧਿਆਪਕ ਲੂ-ਸ਼ੁਨ ਨੂੰ ਸ਼ਰਧਾਂਜਲੀ ਭੇਂਟ ਕਰ ਸਕਦੇ ਹਾਂ। ਉੜੀਸਾ ਦੀ 'ਲੂ-ਸ਼ੁਨ ਜਨਮ ਸ਼ਤਾਬਦੀ ਕਮੇਟੀ' ਵਲੋਂ ਸ੍ਰੀ ਨਬ ਕ੍ਰਿਸ਼ੋਰ ਦਾਸ ਨੇ ਸਮਾਗਮ ਲਈ ਆਪਣਾ ਸੁਨੇਹਾ ਪੜ੍ਹਿਆ।

11 ਨਵੰਬਰ ਨੂੰ ਦੂਜੇ ਸ਼ੈਸ਼ਨ ਵਿਚ ਪ੍ਰੋ. ਮਨੋਰੰਨ ਮੋਹਾਂਤੀ ਨੇ ਲੂ-ਸ਼ੁਨ ਸੰਬੰਧੀ ਵਿਚਾਰ ਪ੍ਰਗਟਾਏ। ਡਾ. ਪੈਂਟਰੀਸ਼ੀਆ ਓਬ੍ਰੇਰਾਇ ਨੇ ਲੂ-ਸ਼ੁਨ ਦੀ ਕਹਾਣੀ 'ਇਕ ਪਾਗਲ ਦੀ ਡਾਇਰੀ' ਸੰਬੰਧੀ ਸਮਾਜ ਸ਼ਾਸ਼ਤਰੀ ਢੰਗ ਨਾਲ ਵਿਸ਼ਲੇਸ਼ਣ ਕੀਤਾ। ਕੁਝ ਹੋਰ ਪੇਪਰ ਵੀ ਪੇਸ਼ ਕੀਤੇ ਗਏ।

11 ਨਵੰਬਰ ਦੇ ਆਖਰੀ ਸੈਸ਼ਨ ਵਿਚ ਤਾਰਾ ਚੰਦ ਗੁਪਤਾ ਨੇ ਲੂ-ਸ਼ੁਨ ਦੇ ਸਾਹਿਤ ਦੇ ਪ੍ਰਚਾਰ ਸੰਬੰਧੀ ਵਿਚਾਰ ਰਖੇ। ਹਰ ਪ੍ਰਸਾਦ ਰਾਵਿ ਨੇ ਲੂ-ਸ਼ੁਨ ਤੇ ਸ਼ਰਤ ਚੰਦਰ ਦੀ ਤੁਲਨਾ ਕੀਤੀ। ਚਮਨ ਲਾਲ ਨੇ 'ਭਾਰਤੀ ਸਮਾਜ ਦੇ ਸੰਦਰਭ ਵਿਚ ਲੂ-ਸ਼ੁਨ ਦੇ ਮਹੱਤਵ' ਬਾਰੇ ਪਰਚਾ ਪੜ੍ਹਿਆ। ਚਮਨ ਲਾਲ ਨੇ ਆਪਣੇ ਪਰਚੇ ਵਿਚ ਪੁਰਾਣੇ ਚੀਨੀ ਸਮਾਜ ਤੇ ਸਮਕਾਲੀ ਭਾਰਤੀ ਸਮਾਜ ਦੀ ਆਰਥਕ ਰਿਸ਼ਤਿਆਂ ਦੇ ਪ੍ਰਸੰਗ ਤੇ ਸਮਾਨਤਾ ਦਿਖਾਉਂਦੇ ਹੋਏ, ਲੂ-ਸ਼ੁਨ ਦੇ ਸਾਹਿਤ ਨੂੰ ਭਾਰਤੀ ਸਮਾਜ ਲਈ ਪ੍ਰਸੰਸਕ ਦਸਿਆ।

15 ਨਵੰਬਰ ਸ਼ਾਮ ਚੀਨੀ ਭਾਸ਼ਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। 'ਆਹ ਕਿਊ ਦੀ ਸੱਚੀ ਕਹਾਣੀ,' 'ਰਾਹਗੀਰ' ਨੂੰ ਨਾਟਕੀ ਰੂਪ ਵਿਚ ਪੇਸ਼ ਕੀਤਾ ਗਿਆ। ਲੂ-ਸ਼ੁਨ ਦੀਆਂ ਕੁਝ ਕਵਿਤਾਵਾਂ ਚੀਨੀ, ਅੰਗਰੇਜ਼ੀ, ਹਿੰਦੀ ਤੇ ਬੰਗਾਲੀ ਵਿਚ ਪੇਸ਼ ਕੀਤੀਆਂ ਗਈਆਂ।

12 ਨਵੰਬਰ ਸ਼ਾਮ ਚੀਨੀ ਰਾਜਦੂਤ ਨੇ ਸੈਮੀਨਾਰ ਵਿਚ ਹਿੱਸਾ ਲੈਣ ਵਾਲਿਆਂ ਨੂੰ ਸ਼ਾਨਦਾਰ ਭੋਜ ਦਿਤਾ ਤੇ ਲੂ-ਸ਼ੁਨ ਦੀ ਕਹਾਣੀ 'ਬੀਤੇ ਦਾ ਪਛਤਾਵਾ' ਤੇ ਅਧਾਰਤ ਚੀਨ ਵਿਚ ਇਸੇ ਸਾਲ ਬਣੀ ਫਿਲਮ ਵੀ ਵਿਖਾਈ। ਚੀਨੀ ਦੂਤਘਰ ਨੇ ਲੂ-ਸ਼ੁਨ ਬੈਜ ਤੇ ਲੂ-ਸ਼ੁਨ ਸੰਬੰਧੀ ਇਕ ਕਿਤਾਬਚੀ ਵੀ ਵੰਡੀ।

ਚੀਨੀ ਲੇਖਕ ਸ੍ਰੀ ਵਾਂਗ ਸ਼ੀ ਜਿੰਮ ਮੁਤਾਬਕ ਚੀਨ

ਤੋਂ ਬਾਹਰ ਕਿਸੇ ਵੀ ਮੁਲਕ ਵਿਚ ਲੂ-ਸ਼ੁਨ ਸੰਬੰਧੀ ਇਹ ਆਪਣੀ ਕਿਸਮ ਦਾ ਪਹਿਲਾ ਸੁਮਾਗ੍ਰਮ ਸੀ।

ਸਮੁੱਚੇ ਰੂਪ ਵਿਚ ਸੈਮੀਨਾਰ ਨੂੰ ਸਫਲ ਕਿਹਾ ਜਾ ਸਕਦਾ ਹੈ, ਹਾਲਾਂ ਕਿ ਕਿਸੇ ਯੂਨੀਵਰਸਿਟੀ ਅਦਾਰੇ ਵਲੋਂ ਕਰਵਾਏ ਜਾਣ ਵਾਲੇ ਸੈਮੀਨਾਰ ਦੀਆਂ ਲਗਭਗ ਸਾਰੀਆਂ ਕਮਜ਼ੋਰੀਆਂ ਇਸ ਸੈਮੀਨਾਰ ਵਿਚ ਵੀ ਦੇਖੀਆਂ ਜਾ ਸਕਦੀਆਂ ਸਨ। ਇਸ ਸੈਮੀਨਾਰ ਦੀ ਜੋ ਵੀ ਸਫਲਤਾ ਸੀ, ਉਸਦਾ ਸਿਹਰਾ ਚੀਨੀ ਭਾਸ਼ਾ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਸਿਰ ਹੈ।

ਕੁਝ ਖੱਬੇ ਪੱਖੀ ਲੇਖਕ ਵੀ 27 ਤੋਂ 28 ਨਵੰਬਰ ਤਕ ਦਿੱਲੀ ਵਿਚ ਹੀ ਲੂ-ਸ਼ੁਨ ਸੰਬੰਧੀ ਇਕ ਹੋਰ ਸੈਮੀਨਾਰ ਕਰ ਰਹੇ ਹਨ।

— ਗੋਲੂਚੇ

o

## 2. ਸਾਹਿਤਕਾਰ ਤੇ ਰਾਜਨੀਤੀ

1917 ਤੋਂ ਪਿਛੋਂ ਰੂਸ ਵਿਚ ਆਏ ਅਕਤੂਬਰ ਇਨਕਲਾਬ ਨੇ ਸਰਮਾਏਦਾਰੀ ਯੁਗ ਦੀਆਂ ਜੜ੍ਹਾਂ ਹਿਲਾ ਦਿਤੀਆਂ। ਨਵੇਂ ਲੇਖਕਾਂ ਲਈ ਹੁਣ ਮਾਰਕਸਵਾਦੀ ਨਜ਼ਰੀਏ ਨੂੰ ਵੀ ਮੁਖ ਰਖ ਕੇ ਲਿਖਣਾ ਪੈ ਗਿਆ।

— ਕੀ ਨਿੱਜੀ ਜਾਇਦਾਦ ਦੇ ਹੱਕ ਵਿਚ ਲਿਖੀਏ ?

— ਜਾਂ ਸਾਂਝੀਵਾਲਤਾ ਦੇ ਹੱਕ ਵਿਚ ਲਿਖੀਏ ?

ਇਹਨਾਂ ਵਿਚੋਂ ਮਨੁਖਤਾ ਦੀ ਤਰੱਕੀ ਕਿਹੜੀ ਚੀਜ਼ ਵਿਚ ਹੈ ? ਦੁਖ ਕਿਸ ਚੀਜ਼ ਵਿਚ ਜ਼ਿਆਦਾ ਵਾਪਰਦੇ ਹਨ ? ਇਹ ਪ੍ਰਸ਼ਨ ਕੇਵਲ ਸਾਡੇ ਦੇਸ਼ ਲਈ ਹੀ ਨਹੀਂ, ਬਲਕਿ ਸਮੁਚੇ ਸੰਸਾਰ ਲਈ ਵੰਗਾਰ ਬਣ ਕੇ ਖਲੋ ਗਿਆ ਹੈ। ਇੰਗਲੈਂਡ ਵਰਗੇ ਮੁਲਕ, ਜਿਸ ਦੇ ਰਾਜ ਵਿਚ ਕਿਸੇ ਸਮੇਂ ਸੂਰਜ ਨਹੀਂ ਛੁਪਦਾ ਸੀ, ਨੂੰ ਆਰਥਕ-ਸੰਕਟ ਵਿਚ ਫਸ ਜਾਣ ਕਰਕੇ "ਕੌਮੀਅਤ ਬਿੱਲ" ਪਾਸ ਕਰਨਾ ਪੈ ਗਿਆ। ਇਸ ਨਾਲ ਬਦੇਸ਼ੀ ਲੋਕਾਂ ਤੇ ਇੰਨੀ ਵੱਡੀ ਮਾਰੂ-ਸੱਟ ਪਈ ਹੈ ਕਿ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਵਲੈਤ ਵਿਚ ਜੰਮਣ ਵਾਲੇ ਬੱਚੇ ਜਦੋਂ ਵਡੇ ਹੋਣਗੇ ਤਾਂ ਉਹਨਾਂ ਦਾ ਕੋਈ ਦੇਸ਼ ਨਹੀਂ ਹੋਵੇਗਾ।

ਇਸ ਲਈ ਸਾਡੇ ਦੇਸ਼ ਦੇ ਲੇਖਕਾਂ ਨੂੰ ਵੀ ਸੋਚਣ ਦੀ ਲੋੜ ਹੈ — ਅਸੀਂ ਕਿਸ ਪਾਸੇ ਤੁਰੀਏ ? ਮੈਂ ਵਾਦਾਂ ਦੇ ਭੰਬਲ-ਭੂਸਿਆਂ ਨੂੰ ਛੱਡ ਕੇ ਲੇਖਕਾਂ ਨੂੰ ਦੋ ਹਿੱਸਿਆਂ ਵਿਚ ਵੰਡਦਾ ਹਾਂ ? ਅਗਾਂਹ-ਵਧੂ ਤੇ ਪਿਛਾਂਹ-ਖਿੱਚੂ ਲੇਖਕ।

ਹਰ ਸਾਹਿਤ ਪ੍ਰਾਪੇਗੰਡਾ ਹੈ। ਕੋਈ ਲੇਖਕ ਧਰਮ ਦਾ ਪ੍ਰਚਾਰ ਕਰਦਾ ਹੈ; ਕੋਈ ਹੁਸਨ-ਇਸ਼ਕ ਦਾ ਪ੍ਰਚਾਰ ਕਰਦਾ ਹੈ, ਕੋਈ ਦੁਖਾਂ-ਦਰਦਾਂ ਜਾਂ ਪ੍ਰੀਤ-ਕਹਾਣੀਆਂ ਦਾ ਪ੍ਰਚਾਰ ਕਰਦਾ ਹੈ, ਪਰ ਅਗਾਂਹ-ਵਧੂ ਲੇਖਕ ਸਮਾਜਵਾਦ ਜਾਂ ਸਾਮਵਾਦ ਲਈ ਪ੍ਰਚਾਰ ਕਰਦਾ ਹੈ, ਕਿਉਂਕਿ ਇਹ ਅਜੋਕੇ ਯੁਗ ਦੀ ਮੰਗ ਹੈ।

ਧਾਰਮਿਕ ਜਜ਼ਬਿਆਂ ਵਾਲੇ ਲੋਕ ਸੰਸਾਰ ਦੀ ਕਾਲ-ਵੰਡ ਸਤਿਜੁਗ, ਦੁਆਪਰ, ਤਰੇਤਾ ਅਤੇ ਕਲਜੁਗ ਵਿਚ ਕਰਦੇ ਹਨ, ਪਰ ਮਾਰਕਸਵਾਦੀ ਸੂਝ ਵਾਲੇ ਲੋਕ, ਗੁਲਾਮਦਾਰੀ, ਜਾਗੀਰਦਾਰੀ, ਸਰਮਾਏਦਾਰੀ ਅਤੇ ਸਮਾਜਵਾਦੀ ਯੁਗ ਵਿਚ ਵੰਡਦੇ ਹਨ। ਇਹ ਯੁਗ ਇਨਕਲਾਬਾਂ ਦਾ ਯੁਗ ਹੈ; ਸਮਾਜਵਾਦ ਵਲ ਵਧਣ ਦਾ ਯੁਗ ਹੈ। ਧਾਰਮਿਕ ਜਜ਼ਬਿਆਂ ਵਾਲੇ ਲੋਕ ਇਸ ਸੰਸਾਰ ਨੂੰ 'ਫਾਨੀ' ਸਮਝਦੇ ਹਨ। ਮਾਰਕਸਵਾਦੀ ਸੂਝ ਵਾਲੇ ਲੋਕ ਇਸ ਦੁਨੀਆਂ ਨੂੰ 'ਸਦੀਵੀ' ਸਮਝਦੇ ਹਨ। ਦੋਹਾਂ ਵਿਚਾਰਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਧਾਰਮਕ ਲੋਕੀਂ ਦੁਨੀਆਂ ਨੂੰ "ਛੱਡ ਕੇ" ਪਹਾੜਾਂ, ਗੁਫਾਵਾਂ 'ਚ ਰਹਿ ਕੇ ਰੱਬ ਦੀ ਪ੍ਰਾਪਤੀ (ਕੇਵਲ ਆਪਣੀ ਮੁਕਤੀ) ਲਈ ਲੜਦੇ ਹਨ, ਪਰ ਦੂਜੇ ਲੋਕ ਇਸ ਦੁਨੀਆਂ 'ਚ "ਰਹਿ ਕੇ" ਦੁਨੀਆਂ ਨੂੰ ਚੰਗੇਰੀ, ਸੋਹਣੀ ਤੇ ਖੂਬਸੂਰਤ ਬਣਾਉਣ ਲਈ ਲੜਦੇ ਹਨ।

ਕਈ ਬੁਰਜੂਆ ਵਿਚਾਰਵਾਨਾਂ ਦਾ ਖ਼ਿਆਲ ਹੈ ਕਿ ਸਾਇੰਸ ਦੀ ਤਰੱਕੀ ਨਾਲ ਮਨੁਖ (ਸਮਾਜ) ਦੀ ਤਰੱਕੀ ਹੋ ਜਾਂਦੀ ਹੈ। ਸਾਇੰਸ ਸਮਾਜ ਦੀ ਤਰੱਕੀ ਵਿਚ ਹਿੱਸਾ ਜ਼ਰੂਰ ਪਾਉਂਦੀ ਹੈ, ਪਰ ਮਨੁੱਖ ਦੀ ਸੂਝ ਵਿਚ ਨਹੀਂ। ਮਨੁਖ ਦੀ ਸੂਝ ਨੂੰ ਤਾਂ ਮਾਰਕਸਵਾਦੀ ਵਿਚਾਰਧਾਰਾ ਹੀ ਉਚਿਆਂ ਕਰਦੀ ਹੈ — ਇਹ ਮਨੁਖ ਵਿਚ ਆਪਣੇ ਅੰਦਰਲੇ ਪੁਰਾਣੇ ਵਿਚਾਰਾਂ ਵਿਰੁਧ ਲੜਨ ਅਤੇ ਨਵੇਂ ਵਿਚਾਰਾਂ ਨੂੰ ਗ੍ਰਹਿਣ ਕਰਨ ਲਈ ਬਲ ਬਖ਼ਸ਼ਦੀ ਹੈ।

ਸਾਇੰਸ ਮਨੁਖ ਦੇ ਇਰਾਦਿਆਂ ਨੂੰ ਨਹੀਂ ਬਦਲ ਸਕਦੀ; ਇਹ ਤਾਂ ਮਾਰਕਸਵਾਦੀ ਵਿਚਾਰਧਾਰਾ ਹੀ ਮਨੁਖ ਦੇ ਇਰਾਦਿਆਂ ਵਿਚ ਤਬਦੀਲੀ ਲਿਆਉਂਦੀ ਹੈ। ਕਿੰਜ ਸਮਾਜ ਦੀ ਤਰੱਕੀ ਹੋ ਸਕਦੀ ਹੈ ? ਲੁਟੇ ਜਾਣ ਵਾਲੇ ਤੇ ਲੁਟੇਰੇ ਵਿਚ ਪਾੜੇ ਨੂੰ ਮਾਰਕਸਵਾਦ ਹੀ ਮਿਟਾਉਂਦਾ ਹੈ।

ਸਾਇੰਸ ਦੀ ਤਰੱਕੀ ਡਿਕਟੇਟਰਸ਼ਿਪ ਥੱਲੇ ਵੀ ਹੁੰਦੀ ਹੈ। ਹਿਟਲਰ ਸਮੇਂ ਵੀ ਸਾਇੰਸ ਨੇ ਤਰੱਕੀ ਕੀਤੀ ਸੀ। ਭਾਰਤ ਵਿਚ ਸਨਅਤੀ ਤਰੱਕੀ ਹੋਈ ਹੈ। ਕਾਰਖ਼ਾਨੇ ਵਡੀ ਧੱਧਰ ਤੇ ਵਧੇ ਫੁਲੇ ਹਨ, ਪਰ ਕੀ ਮਨੁਖਤਾ (ਮਿਹਨਤਕਸ਼ ਲੋਕਾਂ) ਦਾ ਕਲਿਆਣ ਹੋ ਗਿਆ ਹੈ ?— ਨਹੀਂ, ਇਸ ਦੀ ਤਰੱਕੀ ਦੀ ਜੜ੍ਹ ਤਾਂ 'ਸਮਾਜਵਾਦ' ਹੀ ਹੈ ਜੋ ਮਾਰਕਸਵਾਦ ਥੱਲੇ ਹੀ ਹੋ ਸਕਦਾ ਹੈ।

ਮਾਰਕਸਵਾਦ ਪਦਾਰਥਵਾਦੀ ਫ਼ਲਸਫ਼ਾ ਹੈ। ਇਹ

ਮਾਦੇ ਨੂੰ ਪਹਿਲ ਦਿੰਦਾ ਹੈ। ਇਹ ਇਸ ਮਨੌਤ ਤੋਂ ਤੁਰਦਾ ਹੈ ਕਿ ਦੁਖ-ਸੁਖ ਸਾਡੇ ਤੋਂ ਬਾਹਰ (ਦੁਨਿਆਵੀ) ਹਨ, ਆਦਰਸ਼ਵਾਦੀ ਫਲਸਫਾ ਦੁਖ-ਸੁਖ ਕੇਵਲ ਮਨ ਨਾਲ ਹੀ (ਮਨੁਖ ਦੇ ਅੰਦਰ) ਸਮਝਦਾ ਹੈ। ਦੁਨੀਆਂ ਬਦਲਦੀ ਹੈ (ਖੜੋਤ ਨਹੀਂ); ਇਤਿਹਾਸਕ ਤਬਦੀਲੀ ਹੈ, ਜਦ ਕਿ ਮਨੁਖ ਦਾ ਅੰਦਰਲਾ ਜਿਉਂ ਦਾ ਤਿਉਂ ਰਹਿੰਦਾ ਹੈ। ਪਦਾਰਥਵਾਦੀ ਦੁਨੀਆਂ ਦੇ ਖ਼ਿਆਲੀ ਦੁਨੀਆਂ ਇਕੱਠੀਆਂ ਨਹੀਂ ਤੁਰ ਸਕਦੀਆਂ। ਦੋਹਾਂ ਦੇ ਰਾਹ ਵਖ ਵਖ ਹਨ।

ਫਰਾਇਡ ਨੇ ਮਨੁੱਖ ਦੇ ਮਨ ਦੀ ਚੀਰ-ਫਾੜ ਕੀਤੀ ਹੈ, ਸਮਾਜ ਦੀ ਚੀਰ-ਫਾੜ ਨਹੀਂ ਕੀਤੀ। ਮਾਨਸਿਕ ਤੌਰ ਤੇ ਕੋਈ ਵਿਅਕਤੀ ਦੁਖੀ ਹੋ ਸਕਦਾ ਹੈ (ਕਾਰਣ ਕੁਝ ਵੀ ਹੋਵੇ)। ਇਕੱਲੇ ਮਨੁਖ ਦਾ ਇਲਾਜ ਦਸਿਆ ਹੈ, ਸਮਾਜ ਦਾ ਕੋਈ ਇਲਾਜ ਨਹੀਂ ਦੱਸਿਆ। ਸਮਾਜ, ਜਿਸ ਵਿਚ ਸਾਰੇ ਲੋਕ ਵੱਸਦੇ ਹਨ; ਉਹ ਸਮਾਜ ਜਿਸ ਵਿਚ ਅਮੀਰ-ਗਰੀਬ ਦਾ ਪਾੜਾ ਹੈ; ਜਿਹੜਾ ਜ਼ਿੰਦਗੀ ਲਈ ਦੁਖੜੇ ਸਹੇੜਦਾ ਹੈ। ਸੋ ਸਮੁੱਚੇ ਲੋਕਾਂ ਅਗੇ ਜੋ ਦੁਨਿਆਵੀ ਦੁਖ ਹਨ, ਸਾਹਿਤਕਾਰ ਨੂੰ ਚਿਤਰਨੇ ਚਾਹੀਦੇ ਹਨ। ਸਾਹਿਤ ਭੁੱਖੇ ਆਦਮੀ ਲਈ ਭੋਜਨ ਨਹੀਂ, ਇਹ ਤਾਂ ਜੀਵਨ-ਜਾਚ ਸਿਖਾਉਂਦਾ ਹੈ।

ਇਕੱਲੇ ਮਨੁਖ ਦੀਆਂ ਖ਼ਾਹਿਸ਼ਾਂ ਹੋ ਸਕਦੀਆਂ ਹਨ, ਪਰ ਉਹਨਾਂ ਦਾ ਨਾਤਾ ਇਤਿਹਾਸ ਨਾਲ ਨਹੀਂ ਹੁੰਦਾ। ਸਮਾਜੀ ਤਰੱਕੀ ਨਾਲ ਹੀ 'ਮਨੁਖ' ਦੀ ਤਰੱਕੀ ਹੁੰਦੀ ਹੈ। ਇਹ ਇਤਿਹਾਸ ਦੀ ਤੋਰ ਨਾਲ ਤਰੱਕੀ ਹੁੰਦੀ ਹੈ; ਸੋਚਾਂ ਜਾਂ ਵਿਚਾਰਾਂ ਨਾਲ ਤਰੱਕੀ ਨਹੀਂ ਹੁੰਦੀ। ਇਸ ਲਈ ਸੰਸਾਰ ਦੀ ਤਰੱਕੀ 'ਸੋਚਾਂ' ਵਿਚ ਨਹੀਂ, 'ਮਾਦੇ' ਵਿਚ ਹੈ। ਮਨੁੱਖ ਦੀ ਤਰੱਕੀ 'ਇਕੱਲੇ' ਵਿਚ ਨਹੀਂ, ਮਨੁਖ ਦੀ ਤਰੱਕੀ 'ਸਮਾਜ' ਵਿਚ ਹੈ। ਕਾਰਾਂ, ਹਵਾਈ ਜਹਾਜ਼, ਰੇਲਾਂ, ਬੱਸਾਂ, ਬਿਜਲੀ, ਕਪੜਾ, ਰੇਡੀਉ, ਟੈਲੀਵੀਯਨ, ਸਿਨੇਮਾ ਆਦਿ ਇਕੱਲੇ (ਵਿਅਕਤੀਗਤ) ਨੇ ਨਹੀਂ ਬਣਾਈਆਂ, ਇਹ ਸਮੁਚੇ ਸਮਾਜ ਦੀ ਪੈਦਾਵਾਰ ਹੈ। ਸੋ ਇਕੱਲਾ ਮਨੁਖ ਕੁਝ ਵੀ ਨਹੀਂ।

ਮਨੁਖ ਦੀਆਂ ਖ਼ਾਹਿਸ਼ਾਂ, ਤਰੰਗਾਂ, ਦਿਲੀ-ਉਬਾਲ ਉੱਠ ਕੇ ਕੀ ਕਰਨਗੇ ? — ਜਦੋਂ ਉਸ ਪਾਸ ਧਨ ਨਹੀਂ ਜਿਸਮਾਨੀ ਤਾਕਤ ਨਹੀਂ; ਆਰਥਕ ਸਾਧਨਾਂ ਤੇ ਕਬਜ਼ਾ ਨਹੀਂ। ਮਾਲੀ ਹਾਲਤਾਂ ਜਾਂ ਸਾਧਨਾਂ ਬਿਨਾਂ ਤਾਂ ਪ੍ਰੀਤ ਵੀ ਅਧੂਰੀ ਰਹਿ ਜਾਂਦੀ ਹੈ।

ਲੇਖਕ ਦਾ ਧੰਦਾ ਲਿਖਣਾ ਹੁੰਦਾ ਹੈ, ਪਰ ਉਸ ਦੀ ਜਾਣਕਾਰੀ ਦੁਨੀਆਂ ਦੇ ਧੰਦਿਆਂ ਬਾਰੇ ਵੀ ਹੋਣੀ ਜ਼ਰੂਰੀ ਹੈ। ਸਾਰਾ ਸੰਸਾਰ ਪ੍ਰਸਪਰ ਸਬੰਧਾਂ ਵਿਚ ਬੱਝਾ ਹੋਇਆ ਹੈ। ਹਰ ਇਕ ਵਸਤੂ ਦਾ ਦੂਜੀ ਵਸਤੂ ਨਾਲ ਰਿਸ਼ਤਾ ਹੈ। ਲੇਖਕ ਆਪਣੇ ਪਾਤਰ ਲੋਕਾਂ ਵਿਚੋਂ ਚੁਣਦਾ ਹੈ, ਤੇ ਉਸ ਦੇ ਪਾਠਕ ਵੀ ਲੋਕਾਂ ਵਿਚ ਹੀ ਹੁੰਦੇ ਹਨ। ਹਾਂ, ਸਾਰੇ ਪਾਠਕਾਂ ਦੀ ਬੁਧੀ ਇਕ ਸਾਰ ਨਹੀਂ ਹੁੰਦੀ। ਇਨਕਲਾਬੀ ਲੇਖਕ ਲੋਕਾਂ ਦੀਆਂ ਚਲ ਰਹੀਆਂ ਜਦੋ-ਜਹਿਦਾਂ ਨੂੰ ਉਲੀਕਦਾ ਹੈ; ਉਹ ਜਦੋਜਹਿਦਾਂ ਜਿਹੜੀਆਂ ਜ਼ਿੰਦਗੀ ਨੂੰ ਨਵੀਂ ਸੇਧ ਦਿੰਦੀਆਂ ਹਨ। ਹਾਂ, ਕਿਸੇ ਦੀ ਨਿੱਜੀ ਜ਼ਿੰਦਗੀ ਬਾਰੇ ਵੀ ਕਈ ਲੇਖਕ ਲਿਖਦੇ ਹਨ, ਪਰ ਅਗੇ-ਵਧੂ ਸਾਹਿਤਕਾਰ ਕਾਮੇ ਲੋਕਾਂ ਬਾਰੇ ਲਿਖਦਾ ਹੈ। ਇਕ ਤਾਂ ਉਹ ਲੋਕ ਹਨ ਜੋ ਸਿੱਧੀ ਭ੍ਰਿਸ਼ਟਾਚਾਰੀ (Corruption) ਕਰਦੇ ਹਨ, ਪਰ ਕੁਝ ਲੋਕ ਉਹ ਹਨ ਜੋ ਰੂਹਾਨੀ ਭ੍ਰਿਸ਼ਟਾਚਾਰੀ (Spirtual Corruption) ਫੈਲਾਉਂਦੇ ਹਨ। ਇੰਝ ਹੀ ਲੇਖਕ ਹਨ; ਇਕ ਉਹ ਲੇਖਕ ਹਨ ਜੋ ਰੂਹਾਨੀ ਤੌਰ ਤੇ ਕਮਜ਼ੋਰ, ਨਿਕਾਰਾ, ਪਾਗਲ ਬਣਾਉਂਦੇ ਹਨ; ਆਪੇ ਦੀ ਪਛਾਣ ਤੋਂ ਕੋਰਾ ਰਖਦੇ ਹਨ।

ਜਿਥੇ ਬੁਰਜਵਾ ਸਾਹਿਤਕਾਰ ਕੇਵਲ "ਕਿੰਜ ਬੀਤੀ" ਉਤੇ ਹੀ ਜ਼ੋਰ ਦਿੰਦੇ ਹਨ, ਉਥੇ ਅਗਾਂਹ-ਵਧੂ ਸਾਹਿਤਕਾਰ "ਕਿਉਂ ਬੀਤੀ ?" ਬਾਰੇ ਵੀ ਖੋਲ੍ਹ ਕੇ ਬਿਆਨ ਕਰਦੇ ਹਨ। ਜਿਵੇਂ ਇਕ ਯੋਧਾ ਰਣ-ਖੇਤਰ ਵਿਚ ਤਲਵਾਰ ਫੜ ਕੇ 'ਫ਼ੈਸਲਾਕੁਨ' ਲੜਾਈ ਲੜਦਾ ਹੈ, ਤਿਵੇਂ ਇਕ ਲੇਖਕ ਨੂੰ ਸਾਹਿਤਕ-ਖੇਤਰ ਵਿਚ ਕਲਮ ਫੜ ਕੇ 'ਸਿਧਾਂਤਕ' ਲੜਾਈ ਲੜਨੀ ਚਾਹੀਦੀ ਹੈ। ਉਹ ਪਾਠਕਾਂ ਦੇ ਦਿਲਾਂ ਵਿਚ ਇਨਕਲਾਬੀ ਸਪਿਰਟ ਭਰ ਕੇ, ਜ਼ਿੰਦਗੀ ਨੂੰ ਦਰਸ਼ਕ ਬਣ ਕੇ ਤੱਕਣ ਲਈ ਨਹੀਂ, ਜ਼ਿੰਦਗੀ ਨੂੰ ਜੂਝਣ ਲਈ ਪ੍ਰੇਰਨਾ ਦੇਵੇ।

[ ਮਹਿੰਦਰ ਸਿੰਘ 'ਚੱਕਰ'

o

## 3. *"ਹਿੰਦੋਸਤਾਨ ਕਿ ਕਬਰਿਸਤਾਨ"*
## 'ਪਾਲਮ ਏਅਰ ਪੋਰਟ ਕਿ ਜ਼ਾਲਮ ਏਅਰ ਪੋਰਟ'

ਕੱਲ੍ਹ ਨੂੰ ਜੇਕਰ ਸਰਦਾਰ ਭਗਤ ਸਿੰਘ ਸ਼ਹੀਦ, ਕਰਤਾਰ ਸਿੰਘ ਸਰਾਭਾ, ਨੇਤਾ ਜੀ ਸੁਭਾਸ਼ ਚੰਦਰ ਬੋਸ, ਲਾਲਾ ਹਰਦਿਆਲ ਅਤੇ ਗ਼ਦਰੀ ਬਾਬਿਆਂ ਦੀ ਤਮੰਨਾਂ ਦੀ ਸਰਕਾਰ, ਹਿੰਦੋਸਤਾਨ ਵਿਚ ਕਾਇਮ ਹੋਵੇਗੀ ਤਾਂ ਹਿੰਦੋਸਤਾਨ ਨੂੰ ਹੁਣ ਦੇ ਹਾਲਾਤ ਮੁਤਾਬਕ 'ਕਬਰਿਸਤਾਨ' ਲਿਖਣ ਵਿਚ ਕੋਈ ਗ਼ਲਤ ਗੱਲ ਨਹੀਂ ਹੋਵੇਗੀ। ਤੇ ਜਿਸ ਤਰ੍ਹਾਂ ਰੂਸ, ਚੀਨ ਅਤੇ ਬਹੁਤ ਸਾਰੇ ਕਮਿਊਨਿਸਟ ਮੁਲਕਾਂ ਦੇ ਲੋਕਾਂ ਨੂੰ ਹੁਣ, ਉਹਨਾਂ ਦੇ ਬਜ਼ੁਰਗਾਂ ਤੇ ਕੀਤੇ ਜ਼ੁਲਮਾਂ ਬਾਰੇ ਦਸਿਆ ਜਾ ਰਿਹੈ, ਇਸੇ ਕਸਵੱਟੀ ਤੇ ਹੁਣ ਦੇ ਕਬਰਿਸਤਾਨ ਦੇ ਜਣੇ-ਖਣੇ ਤੇ ਬੇਕਸੂਰ ਲੋਕਾਂ ਦੀਆਂ ਕਬਰਾਂ ਬਣਾਏ ਜਾਣ ਬਾਰੇ ਦੱਸਿਆ ਜਾਇਆ

ਕਰੇਗਾ ਕਿ ਉਸ ਵੇਲੇ ਦੀ ਸਿਰਕਾਰ ਤੇ ਪਾਲਤੂ ਪੁਲਸੀਏ, ਕਿਸ ਤਰ੍ਹਾਂ ਜੁਆਨ-ਜਹਾਨ ਗੱਭਰੂਆਂ ਨੂੰ ਨੈਕਸਲਾਈਟ ਕਹਿ ਕੇ ਮਖੌਤੀ ਪੁਲੀਸ ਮੁਕਾਬਲਿਆਂ ਵਿਚ ਮਾਰਦੇ ਸਨ। ਕਿਸ ਤਰ੍ਹਾਂ ਲੋਕਾਂ ਦੀਆਂ ਅੱਖਾਂ ਅੰਨ੍ਹੀਆਂ ਕਰਦੇ ਸਨ। ਕਿਸ ਤਰ੍ਹਾਂ ਚੰਗੇ-ਭਲੇ ਨਿਭੋਲ ਲੋਕਾਂ ਦੀਆਂ ਲੱਤਾਂ-ਬਾਹਾਂ ਭੰਨ ਕੇ ਅਪਾਹਜ ਬਣਾਉਂਦੇ ਸਨ ਤੇ ਕਿਸ ਤਰ੍ਹਾਂ ਬਦਮਾਸ਼ ਪੁਲੀਸ ਜ਼ਬਰ ਜਨਾਹ ਕਰਦੀ ਸੀ। ਤੇ ਫਿਰ ਏਹੋ ਜੇਹੀ ਸਾਰੀ ਲਾਹਨਤ ਦਾ ਭਾਂਡਾ ਭੰਨਿਆਂ ਜਾਵੇਗਾ। ਮੈਂ ਉਸ ਭਾਰਤ ਵਰਸ਼ ਦੀ ਗੱਲ ਕਰ ਰਿਹੈਂ, ਜੋ ਆਪਣੇ ਆਪ ਨੂੰ ਸ਼ਾਂਤੀ ਦਾ ਠੇਕੇਦਾਰ ਅਤੇ ਆਜ਼ਾਦ ਕਹੌਉਣ ਦਾ ਮੋਹਰੀ ਹੈ। ਇਹੋ ਜੇਹਾ ਅਤਿਆਚਾਰ ਦੇਖ, ਪੜ੍ਹ, ਸੁਣ ਕੇ ਲੂੰ ਕੰਡੇ ਖੜੇ ਹੁੰਦੇ ਹਨ। ਏਨਾਂ ਜ਼ੁਲਮ ਤਾਂ ਮੁਸਲਿਮ ਅਤੇ ਗੋਰਿਆਂ ਦੇ ਰਾਜ ਵੇਲੇ ਵੀ ਨਹੀਂ ਸੀ ਹੁੰਇਐ।

ਇਸ ਜ਼ਾਲਿਮਸਤਾਨ ਵਿਚ ਅੰਨ੍ਹੀ ਪੀਹਵੇ ਤੇ ਕੁੱਤੀ ਚੱਟੇ ਵਾਲਾ ਹਾਲ ਹੋਇਆ ਪਿਐ। ਕਿਸੇ ਵੀ ਬੰਦੇ ਦੇ ਸ਼ਰੇਆਮ, ਪੁਲੀਸ ਨੂੰ ਪੰਜ ਰੁਪੈ ਦੇ ਕੇ ਛਿੱਤਰ ਮਰਵਾਏ ਜਾ ਸਕਦੇ ਹਨ। ਕਿਸੇ ਦੀ ਸੁਰੱਖਿਅਤਾ ਅਤੇ ਅਣਖ ਕਾਇਮ ਰਹਿਣ ਦਾ ਤਾਂ ਸੁਆਲ ਹੀ ਪੈਦਾ ਨਹੀਓਂ ਜੇ ਹੁੰਦੈ। ਰਾਜ ਭਾਵੇਂ ਨਿੱਕਰਾਂ ਅਤੇ ਮੂਤ-ਪੀਣਿਆਂ ਦਾ ਹੋਵੇ ਤੇ ਭਾਵੇਂ ਧੋਤੀ ਪ੍ਰਸ਼ਾਦਾਂ ਅਤੇ ਪੱਗੜ ਸ਼ਿੰਘਾਂ ਦਾ। ਹਾੜ ਸੁੱਕੇ ਨਾਂ ਸਾਉਣ ਹਰੇ। ਬੱਸ ਆਵਾ ਹੀ ਊਤਿਆ ਪਿਐ। ਭੁਖ, ਜਮਾਂਦਰੂ-ਭੁੱਖ, ਹੱਡਾਂ ਵਿਚ ਸਮਾਂ ਚੁਕੀ ਹੈ – ਸ਼ਾਇਦ ਕਿਸੇ ਸਟਾਲਿਨ ਵਰਗੇ ਸਿਆਸਤਦਾਨ ਦੇ ਤੱਤੇ ਚਿਮਟਿਆਂ ਨਾਲ, ਇਸ ਭੂਤਰੇ ਭੂਤ ਨੂੰ ਕੱਢਣ ਦੀ ਲੋੜ ਹੈ।

ਰੋਟੀ ਦੁਖੋਂ, ਬੰਦਾ ਬਾਹਰ ਦੌੜਦੈ। ਜਦੋਂ ਰੋਟੀ ਕਮਾ ਕੇ, ਉਹ ਫਿਰ ਘਰ ਨੂੰ ਜਾਂਦੈ ਤਾਂ ਹਾਬੜਿਆਂ ਵਾਂਗ, ਉਹਦਾ ਕੂੰਡਾ ਕਰਨ ਲਈ, ਉਹ ਪਹਿਲਾਂ ਹੀ ਸ਼ਿਕਾਰੀ ਜਾਲ ਲੈ ਕੇ ਬੈਠੇ ਹੁੰਦੇ ਹਨ। ਹਿੰਦੋਸਤਾਨੀ ਸਰਕਾਰ ਦਾ ਹਾਲ 'ਕੁੱਟਣਾ ਵੀ ਤੇ ਰੋਣ ਵੀ ਨਹੀਂ ਦੇਣਾ' ਵਾਲਾ ਹੈ। ਨੰਗ-ਭੁੱਖ ਚੋਂ ਬਾਹਰ ਨਿਕਲਣ ਦੀ ਜੇਕਰ ਕੋਈ ਕੋਸ਼ਿਸ਼ ਕਰਦੈ ਤਾਂ ਹੁਣ ਨਵਾਂ ਕਾਨੂੰਨ ਬਣਾ ਦਿਤੈ ਕਿ ਦਿੱਲੀਓਂ ਸ਼ਾਸ਼ਤ੍ਰੀ-ਭਵਨ ਆਰ.ਪੀ.ਓ. ਤੋਂ ਮੋਹਰ ਲੁਆਓ ਕਿ ਬਾਹਰ ਕਿਉਂ ਚਲਿਐਂ ? ਚਲਿਐਂ ਤੁਹਾਡੀ ਜਾਨ ਨੂੰ ਰੋਣ ! ਹੋਰ ਬਾਹਰ ਅੰਬ ਮਿਲਦੇ ਆ, ਜਿਹੜੇ ਇਥੇ ਨਹੀਂ ਮਿਲਦੇ। ਪੈਸੇ ਦਰਖ਼ਤਾਂ ਨੂੰ ਨਹੀਂਓਂ ਹੈ ਲੱਗਦੇ ਤੇ ਨਾ ਹੀ ਪੈਸੇ ਬੋਰੀਆਂ ਵਿਚ ਮਿਲਦੇ ਨੇ। ਬਾਹਰ ਨਿਕਲ ਕੇ ਥਾਂ ਥਾਂ ਧੱਕੇ ਖਾ ਕੇ ਰੁਲਣਾ ਪੈਂਦੈ। ਸਰਕਾਰ ਲੋਕਾਂ ਦੇ ਮੂੰਹ ਨੂੰ ਇਹ ਗੱਲ ਕਹਿ ਕੇ ਛਿਕਲੀ ਲਾਉਣ ਦੀ ਕੋਸ਼ਿਸ਼ ਕਰ ਰਹੀ ਐ ਕਿ ਇਹ ਕਾਨੂੰਨ ਤਾਂ ਬਣਾਇਐ ਕਿ ਇਹ ਲੋਕ ਬਾਹਰ ਜਾ ਕੇ ਮੁਲਕ ਦਾ ਨਾਮ ਬਦਨਾਮ ਕਰਦੇ ਨੇ। ਇਹਨਾਂ ਦੇਸ਼ ਦੇ ਠੇਕੇਦਾਰਾਂ ਨੂੰ ਪੁਛੋ ਕਿ ਤੁਸੀਂ ਇਥੇ ਦੇਸ਼ ਅੰਦਰ ਕੀ ਖੇਹਣ ਖੌਂਹਦੇ ਓ ? ਪਾਲਾ ਤਾਂ ਸਰਕਾਰ ਨੂੰ ਆਪਣੀ ਚੋਰੀ ਦਾ ਕਿ ਸਾਡੀਆਂ ਕਰਤੂਤਾਂ ਨੂੰ, ਬਾਹਰ ਜਾ ਕੇ ਦੱਸਦੇ ਨੇ। ਜੇ ਇਹ ਏਨੇ ਚੰਗੇ ਹੋਣ ਤਾਂ ਬਾਹਰ ਰੁਲਣ ਦੀ ਕਿਸੇ ਨੂੰ ਲੋੜ ਹੀ ਨਹੀਂ ਰਹਿੰਦੀ। ਬਾਹਰਲੇ ਮੁਲਕਾਂ ਵਿਚ ਚੀਨ, ਰੂਸ ਅਤੇ ਹੋਰ ਕਮਿਊਨਿਸਟ ਦੇਸਾਂ ਦੀ ਕਿੰਨੀ ਕੁ ਨਫ਼ਰੀ ਹੈ ? ਲੱਭਿਆਂ ਹੀ ਲੱਭਣੀ ਪਵੇਗੀ। ਪਰ ਭਾਰਤ-ਵਾਸੀਆਂ ਦਾ ਇਹ ਹਾਲ ਏ ਕਿ ਇੱਟ ਚੁੱਕੋ ਭਾਰਤੀ। ਸਰਕਾਰ ਨੂੰ ਕੀ ਪਤੈ ਕਿ ਪ੍ਰਵਾਸੀਆਂ ਨੂੰ ਕਿਵੇਂ ਆਪਣੀ ਹਰ ਥਾਂ ਜ਼ਮੀਰ ਨੂੰ ਮਾਰਨਾ ਪੈਂਦੈ। ਆਪਣੇ ਵਜੂਦ ਨੂੰ ਕਾਇਮ ਰਖਣ ਲਈ ਕੀ ਕੀ ਅੱਡੀਆਂ ਚੱਟਣੀਆਂ ਪੈਂਦੀਐ। ਤੇ ਜਦ ਇਸ ਖੁਸ਼ੀ ਵਿਚ ਗੜੂੰਦ ਕਿ ਉਹ ਹੁਣ ਕਮਾ-ਖੱਟ ਕੇ ਆਪਣੇ ਪਿਆਰੇ ਮੁਲਕ ਤੇ ਜਨਮ-ਭੂਮੀ ਦੇ ਦਰਸ਼ਨ ਕਰੇ – ਉਹਨੂੰ ਸ਼ਿਕਾਰੀ ਕੁੱਤੇ ਉਤਰਦੇ ਨੂੰ ਹੀ ਆ ਝਪਟਦੇ ਹਨ।

ਪਰ ਹੁਣ ਦੇਸੀ ਸਰਕਾਰ ਨੇ ਆਵਾਸੀਆਂ ਦੀ ਸਹੂਲਤ ਲਈ, ਬਾਹਰਲੇ ਮੁਲਕਾਂ ਦੀ ਰੀਸੀ, ਪਾਲਮ ਏਅਰ ਪੋਰਟ ਤੇ ਹਰੀਆਂ ਅਤੇ ਲਾਲ ਲਾਈਟਾਂ ਦਾ ਪ੍ਰਬੰਧ ਕਰ ਦਿਤਾ ਹੈ। ਲਾਈਟਾਂ ਤਾਂ ਭਾਵੇਂ ਸਤ-ਰੰਗੀਆਂ ਲਾ ਦੇਣ, ਨੀਤ ਦੀ ਨੰਗ-ਭੁੱਖ ਅਤੇ ਦਿਲ ਦੀ ਕਾਲਖ ਤਾਂ ਕਾਸਟਕ ਸੋਡਾ ਪਾਇਆਂ ਵੀ ਨਹੀਂ ਧੋਈ ਜਾਣੀ। 'ਅੰਨ੍ਹਾ ਵੰਡੇ ਸੀਰਨੀ, ਮੁੜ ਮੁੜ ਆਪਣਿਆਂ ਨੂੰ', ਫ਼ਾਇਦਾ ਤਾਂ ਹੁਣ ਵੀ ਉਹਨਾਂ ਨੂੰ ਹੀ ਹੋਣਾ ਏਂ, ਜਿਨ੍ਹਾਂ ਨੂੰ ਪਹਿਲਾਂ ਵੀ ਹੁੰਦਾ ਸੀ। ਆਮ ਸਾਧਾਰਨ ਲੋਕਾਂ ਦੇ ਕੀ ਪੱਲੇ ਪੈਣਾਂ – ਜੂੰਆਂ ?

ਹੁਣੇ ਹੁਣੇ ਹੀ ਇੰਡੀਆ ਦੀ ਫੇਰੀ ਲਾ ਕੇ ਆਇਆ ਇਕ ਸੱਜਣ ਦੱਸਦੈ ਕਿ ਜਦ ਉਹ ਸੁਖਾਂ-ਲੱਧੀ ਪਾਲਮ ਏਅਰ ਪੋਰਟ ਪਹੁੰਚਾ ਤਾਂ ਇਮੀਗਰੇਸ਼ਨ ਵਾਲਿਆਂ ਤੋਂ ਠੱਪਾ ਲਵਾਉਣ ਤੋਂ ਬਾਅਦ, ਕਸਟਮ ਵਾਲਿਆਂ ਦੀ ਕਤਾਰ ਵਿਚ ਜਾ ਖੜਾ ਹੋਇਆ। ਸਮਾਨ ਕੋਈ ਐਸਾ ਨਹੀਂ ਸੀ, ਜਿਸ ਤੇ ਕਿ ਕਸਟਮ ਲਾਇਆ ਜਾ ਸਕੇ। ਜਦ ਉਹਦੀ ਕਸਟਮ-ਅਫ਼ਸਰ ਨਾਲ ਫਾਰਗ ਹੋਣ ਦੀ ਵਾਰੀ ਆਈ ਤਾਂ ਉਸ ਵੇਲੇ ਇਕ ਭਾਣਾ ਵਰਤ ਗਿਆ। ਏਅਰ ਪੋਰਟ ਤੇ ਕੰਮ ਕਰਦੇ ਕੁੱਲੀਆਂ ਵਿਚੋਂ ਇਕ ਨੇ ਅੱਖ-ਭੁਝੱਕਾ ਮਾਰ ਕੇ, ਫ਼ਰਸ਼ ਤੇ ਪਿਆ ਹੈਂਡਬੈਗ ਛੂਪਨ ਕਰ ਲਿਆ। ਭਾਈਬੰਦ ਜਦ ਕਸਟਮ-ਅਫ਼ਸਰ ਤੋਂ ਛੁਟਕਾਰਾ ਪਾ ਕੇ ਤੁਰਨ ਲੱਗਾ ਤਾਂ ਉਹਦੇ ਹੱਥਾਂ ਦੇ ਤੋਤੇ ਉੱਡ ਗਏ। ਉਹਨੇ ਕਸਟਮ ਅਫ਼ਸਰ ਨੂੰ ਇਸ ਬਾਰੇ ਸ਼ਿਕਾਇਤ ਕੀਤੀ। ਪਰ ਅਫ਼ਸਰ ਹੋਰਾਂ

ਪੈਰਾਂ ਤੇ ਪਾਣੀ ਨਾ ਪੈਣ ਦਿਤਾ। ਸਗੋਂ ਕਿਹਾ ਕਿ ਕਿਤੇ ਰਾਹ ਵਿਚ ਹੀ ਭੁੱਲ ਆਇਆ ਹੋਵੇਂਗਾ।" ਦਿਮਾਗ਼ ਲੜਾਉਣ ਤੇ ਭਾਈਬੰਦ ਨੂੰ ਪੱਕਾ ਸ਼ੱਕ, ਤੁਰੇ ਫਿਰਦੇ ਇਕ ਕੁੱਲੀ ਤੇ ਜਾ ਪਈ ਕਿ, "ਇਹ ਕੁੱਲੀ ਹੀ ਮੇਰੇ ਆਲੇ ਦੁਆਲੇ ਗੇੜੇ ਬੰਨ੍ਹ ਰਿਹਾ ਸੀ ਕਿ ਬਾਬੂ ਜੀ ਸਮਾਨ ਬਾਹਰ ਲੈ ਚੱਲਾਂ।" ਭਾਈਬੰਦ ਉਥੇ ਪੂਰੀ ਤਰ੍ਹਾਂ ਡਟ ਗਿਆ ਕਿ ਮੇਰਾ ਬੈਗ ਕੁੱਲੀ ਨੇ ਹੀ ਚੁੱਕਿਆ ਹੈ ਤੇ ਜਿੰਨੀ ਦੇਰ ਬੈਗ ਵਾਪਸ ਨਹੀਂ ਆਉਂਦਾ ਮੈਂ ਇਥੋਂ ਨਹੀਂ ਜੇ ਜਾਣੈ।

ਅਖ਼ੀਰ ਵਿਚ ਕਾਫ਼ੀ ਗਰਮੀ-ਸਰਦੀ ਤੋਂ ਬਾਅਦ, ਭਾਈਬੰਦ ਨੇ ਕੁੱਲੀਆਂ ਦੇ ਸਰਦਾਰ ਦੀ ਸੰਘੀ ਜਾ ਫੜੀ ਕਿ "ਬੱਚੂ ਮੇਰਾ ਬੈਗ ਕਢਾ ਦੇ, ਨਹੀਂ ਤਾਂ ਸੋਹਲਾ ਪੜ੍ਹ ਦਊਂ।" ਭਾਈਬੰਦ ਦੁਆਲੇ "ਕੁੱਤਾ-ਮੱਖੀ-ਗੇੜ-ਕਢ-ਕੁੱਲੀ" ਕਿਤੇ ਨਜ਼ਰ ਨਹੀਂ ਸੀ ਆ ਰਿਹਾ। ਜਦ ਕੁੱਲੀਆਂ ਦੇ ਮੁਖੀਏ ਨੇ ਸਾਰਿਆਂ ਕੁੱਲੀਆਂ ਨੂੰ ਭਾਈਬੰਦ ਦੇ ਸਾਹਮਣੇ ਲਿਆਂਦਾ ਤਾਂ ਭਾਈਬੰਦ ਨੇ ਚੋਰ-ਕੁੱਲੀ ਨੂੰ ਜਾ ਫੜਿਆ। ਗੱਲ ਵਧਦੀ ਦੇਖ ਕੇ, ਥੋੜੀ ਦੇਰ ਬਾਅਦ ਹੀ "ਮੁਖੀਏ-ਕੁੱਲੀ" ਨੇ ਭਾਈਬੰਦ ਦਾ ਹੈਂਡਬੈਗ ਲੈ ਆਂਦਾ ਕਿ – ਬਾਬੂ ਜੀ ਆਹ ਤਾਂ ਤੁਸੀਂ ਫਲਾਣੀ ਜਗ੍ਹਾ ਭੁਲ ਗਏ ਸੀ।

ਇਸ ਤੋਂ ਬਾਅਦ ਜਦ ਛੇ ਹਫ਼ਤੇ ਲਾ ਕੇ ਵਾਪਸ, ਭਾਈਬੰਦ ਪਾਲਮ ਏਅਰ ਪੋਰਟ ਪਹੁੰਚਾ ਤਾਂ ਇਮੀਗਰੇਸ਼ਨ ਵਾਲਿਆਂ ਝਗੜਾ ਖੜਾ ਕਰ ਲਿਆ ਕਿ – ਤੇਰੇ ਪਾਸਪੋਰਟ ਤੇ ਸ਼ਾਸਤ੍ਰੀ-ਭਵਨ ਦਿੱਲੀ ਤੋਂ ਮੋਹਰ ਨਹੀਂ ਲੱਗੀ – ਪਹਿਲਾਂ ਮੋਹਰ ਲੁਆ ਕੇ ਆ, ਫਿਰ ਜਹਾਜ਼ੇ ਚੜ੍ਹ ਸਕਦੈਂ, ਨਹੀਂ ਤਾਂ ਕਿਸੇ ਬੋਹੜ ਦੀ ਛਾਵੇਂ ਜਾ ਕੇ ਠੰਡਾ ਪਾਣੀ ਪੀ ਕੇ ਬਹਿ ਜਾ।" "ਮੇਰੇ ਕੋਲ ਬਰਤਾਨੀਆ ਦੀ ਪੱਕੀ ਇਮੀਗਰੇਸ਼ਨ ਐ ਤੇ ਮੈਂ ਪਤਾ ਕਰ ਚੁਕੈਂ, ਮੈਨੂੰ ਮੋਹਰ ਦੀ ਲੋੜ ਨਹੀਂ।" ਭਾਈਬੰਦ ਅਫ਼ਸਰ ਨੂੰ ਦਸਿਆ। ਕਾਫ਼ੀ ਦੇਰ ਦੀ ਬਹਿਸ ਤੋਂ ਬਾਅਦ ਜਦ ਅਫ਼ਸਰ ਨੇ ਦੇਖਿਆ ਕਿ ਝੋਟਾ ਚੋਣਾ ਕਾਫ਼ੀ ਮੁਸ਼ਕਲ ਹੈ ਤਾਂ ਇਹ ਕਹਿ ਕੇ ਜਾਣ ਦਿਤੈ ਕਿ ਜਾਣ ਦਿਤੈ ਕਿ ਅਗਾਂਹ ਨੂੰ ਮੋਹਰ ਲੁਆ ਕੇ ਆਈਂ।

ਇਸ ਤੋਂ ਬਾਅਦ ਕਸਟਮ ਵਾਲਿਆਂ ਅੜਿੱਕਾ ਡਾਹ ਲਿਆ – ਤੇਰੇ ਕੋਲ ਏਨੀਆਂ ਬੜੀਆਂ ਕਿਤਾਬਾਂ ਰਿਸਾਲੇ ਤੇ ਮੈਗਜ਼ੀਨ ਨੇ – 1000 ਰੁਪਿਆ ਕਸਟਮ ਦਾ ਦੇਣਾ ਪਊਗਾ ਜਾਂ ਬੈਕੁਡੋਰੋ ਢਾਈ ਸੌ ਦੇ ਦੇ।" ਭਾਈ-ਬੰਦ ਦੇ ਕਾਫ਼ੀ ਕਹਿਣ ਤੇ ਕਿ ਇਹ ਤਾਂ ਪੜ੍ਹਨ ਵਾਲਾ ਹੀ ਸਾਰਾ ਮਸਾਲਾ ਐ, ਕਸਟਮ ਕਾਹਦਾ ? ਪਰ ਮਰਦਾ ਕੀ ਨਾ ਕਰਦਾ ਵਾਲਾ ਹਾਲ ਦੇਖ ਕੇ, ਢਾਈ ਸੌ ਵਿਚ ਛੁਟਕਾਰਾ ਹੁੰਦਾ ਦੇਖ, ਭਾਈਬੰਦ ਆਪਣੀ ਜਾਨ ਛੁਡਾਈ।

ਇਕ ਹੋਰ ਭਾਰਤ-ਫੇਰੀ-ਯਾਤਰੀ ਆਪਣੀ ਹੱਡ-ਬੀਤੀ ਇਸ ਤਰ੍ਹਾਂ ਸੁਣਾਉਂਦਾ ਹੈ, "ਮੈਂ ਇੰਡੀਆ ਵਿਚ ਥੋੜੀ ਦੇਰ ਰਹਿ ਕੇ, ਵਿਆਹ ਕਰਾਉਣ ਤੋਂ ਬਾਅਦ, ਆਪਣੀ ਵਾਈਫ਼ ਨੂੰ ਲੈ ਕੇ ਜਦ ਪਾਲਮ ਏਅਰ ਪੋਰਟ ਪਹੁੰਚਾ ਤਾਂ ਇਮੀਗਰੇਸ਼ਨ ਵਾਲਿਆਂ ਰੌਲਾ ਪਾ ਲਿਐ। ਮੇਰੇ ਕੋਲ ਬਰਤਾਨਵੀਂ ਪਾਸਪੋਰਟ ਐ ਤੇ ਮੈਂ ਇੰਕਮ-ਟੈਕਸ ਕਲੀਅਰੇਂਸ ਸਰਟੀਫਿਕੇਟ ਵਗ਼ੈਰਾ ਲੈ ਕੇ ਆਇਆ ਸੀ। ਮੈਨੂੰ ਅਫ਼ਸਰ ਕਹਿਣ ਲਗਾ ਕਿ ਪਹਿਲਾਂ ਆਪਣਾ ਪੁਰਾਣਾ ਇੰਡੀਅਨ ਪਾਸਪੋਰਟ ਦਿਖਾ, ਕਿਥੇ ਐ ? ਨਹੀਂ ਤਾਂ ਤੂੰ ਜਾ ਨਹੀਂ ਸਕਦਾ।" ਮੇਰੀ ਵਾਈਫ਼ ਐਮ.ਏ., ਐਲ.ਐਲ.ਬੀ. ਚੰਡੀਗੜ੍ਹ ਹਾਈਕੋਰਟ ਵਿਚ ਪਰੈਕਟਿਸ ਕਰਦੀ ਆਈ ਸੀ ਤੇ ਮੈਂ ਖ਼ੁਦ ਇੰਡੀਆ ਵਿਚ ਵਕੀਲ ਰਹਿ ਚੁਕਾ ਸੀ। ਮੈਂ ਲੰਡਨ ਤੋਂ ਬਾਰ-ਇਟ-ਲਾਅ ਦੀ ਡਿਗਰੀ ਪਾਸ ਕਰਕੇ, ਇੰਡੀਆ ਵਿਆਹ ਕਰਾਉਣ ਗਿਆ ਸੀ। ਮੈਨੂੰ ਅਫ਼ਸਰ ਦੇ ਬੇਹੂਦਾ ਸਲੂਕ ਤੇ ਬੜਾ ਗੁੱਸਾ ਚੜ੍ਹਿਆ। ਜੇ ਮੈਂ ਇਕੱਲਾ ਹੁੰਦਾ ਤਾਂ ਅਫ਼ਸਰ ਨੂੰ ਦਿਨੇ ਤਾਰੇ ਦਿਖਾ ਦਿੰਦਾ। ਪਰ ਮੈਨੂੰ ਵਾਈਫ਼ ਨਾਲ ਹੋਣ ਕਰਕੇ ਝਗੜਾ ਕਰਨਾ ਠੀਕ ਨਾ ਲੱਗਾ। ਜਦ ਉਹਨੂੰ ਮੈਂ ਇਹ ਦੱਸਿਆ ਕਿ ਮੈਂ ਵਲੈਤ ਵਿਚ ਬੈਰਿਸਟਰ ਹਾਂ ਤੇ ਮੇਰੀ ਵਾਈਫ਼ ਚੰਡੀਗੜ੍ਹ ਹਾਈਕੋਰਟ ਵਿਚ ਪਰੈਕ-ਟਿਸ ਕਰਦੀ ਆਈ ਹੈ ਤਾਂ ਉਹ ਤ੍ਰਬਕ ਗਿਆ ਏ ਤੇ ਕੰਨ ਝਾੜਦਾ ਉਥੋਂ ਖਿਸਕ ਗਿਆ। ਤਾਂ ਜਾ ਕੇ ਉਸ ਟੁੱਚੇ-ਅਫ਼ਸਰ ਤੋਂ ਛੁਟਕਾਰਾ ਹੋਇਆ। ਮੈਂ ਸੋਚਦਾ ਕਿ ਆਮ ਬੰਦੇ ਦਾ ਇਹ ਗਏ-ਗੁਜ਼ਰੇ ਅਫ਼ਸਰ ਕੀ ਹਾਲ ਕਰਦੇ ਹੋਣਗੇ।

ਇਹੋ ਜੇਹੀਆਂ ਵਾਰਦਾਤਾਂ ਆਵਾਸੀਆਂ ਲਈ ਕੁੰਭ ਦਾ ਮੇਲਾ ਨਹੀਂ। ਪ੍ਰਵਾਸੀਆਂ ਦੀਆਂ ਅਹਿਮ ਸਮ-ਸਿਆਵਾਂ ਵਿਚੋਂ ਇਹ ਪਾਲਮ ਏਅਰ ਪੋਰਟ ਕਿ ਜ਼ਾਲਮ ਏਅਰ ਪੋਰਟ ਤੇ ਹੁੰਦਾ ਘੋੜਾ-ਨਾਚ ਇਕ ਗੰਭੀਰ ਮਸਲਾ ਹੈ। ਸਾਡੇ ਲੀਡਰਾਂ ਅਤੇ ਨੁਮਾਇੰਦਿਆਂ ਨੂੰ ਚਾਹੀਦਾ ਹੈ ਕਿ ਆਪਸ ਵਿਚ ਚੌਧਰ ਲਈ ਜੂਤ-ਪਤਾਣ ਹੋਣ ਦੀ ਬਜਾਏ, ਭਾਰਤੀ ਲੀਡਰਾਂ ਦੇ ਗਲ ਸਾਫ਼ਾ ਪਾਉਣ ਕਿ ਸਾਨੂੰ ਆ ਰਹੀਆਂ ਮੁਸ਼ਕਲਾਂ ਦਾ ਸਫਾਇਆ ਕਰਨ।

ਬਿਨਾਂ ਰੋਇਆਂ ਤਾਂ ਮਾਂ ਵੀ ਬੱਚੇ ਨੂੰ ਦੁਧ ਨਹੀਂ ਦਿੰਦੀ। ਇਹੋ ਜਿਹੇ ਹਾਲਾਤ ਵਿਚ ਇਕੋ ਗੱਲ, ਜਿਹੜੀ ਹਰ ਪ੍ਰਵਾਸੀ ਕਰ ਸਕਦਾ ਹੈ ਕਿ ਜ਼ਾਤੀ ਤੌਰ ਤੇ ਭਾਰਤ ਸਰਕਾਰ ਨੂੰ ਸ਼ਿਕਾਇਤਾਂ ਲਿਖੀਆਂ ਜਾਣ। ਲੀਡਰਾਂ ਨੂੰ ਆਪਣੀਆਂ ਪਾਰਟੀਆਂ ਵਲੋਂ ਰੋਸ ਪੱਤਰ ਸਰਕਾਰ ਨੂੰ ਦਿਤੇ ਜਾਣ ਤੇ ਖ਼ੁਦ-ਭਾਰਤੀ-ਲੀਡਰਾਂ ਨੂੰ ਮਿਲ ਕੇ ਰੋਣਾ ਰੋਇਆ ਜਾਵੇ। ਨਹੀਂ ਤਾਂ ਅੱੜ ਦੀ ਅਖ਼ੀਰ ਦਾ

ਇਲਾਜ ਸਿਆਣੇ ਪੁਰਖਾਂ ਡੰਡਾ ਹੀ ਦੱਸਿਆ ਹੈ — ਡੰਡਾ ਪੀਰ ਹੈ, ਵਿਗੜਿਆਂ ਤਿਗੜਿਆਂ ਦਾ।

— ਹਰੀਸ਼ ਮਲਹੋਤਰਾ — ਲੰਡਨ

o

## 4. ਸਮਤਾ ਬਾਰੇ

— ਸਮਤਾ ਹੁਣ ਕਿਸੇ ਵਡਿਆਈ ਦਾ ਮੁਥਾਜ ਨਹੀਂ ਰਿਹਾ, ਫਿਰ ਵੀ ਕੁਝ ਅਜਿਹੀਆਂ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਦਾ ਗੁਭ-ਗੁਭਾਰ ਕੱਢੇ ਬਿਨ੍ਹਾਂ ਮਨ ਨੂੰ ਤਸੱਲੀ ਨਹੀਂ ਹੁੰਦੀ। ਦਰਸ਼ਨ ਖਟਕੜ ਕੋਈ ਨਵਾਂ ਨਾਂ ਨਹੀਂ ਅਤੇ ਨਾ ਹੀ ਇਸਦੇ ਬੋਲ ਅਣ ਪਛਾਤੇ ਹਨ। ਉਹ ਜਦੋਂ ਵੀ ਲਿਖਦਾ ਹੈ, ਉਸਦੀ ਹਰ ਗੱਲ ਮਗਰ ਜੁਆਨ ਉਮਰ ਦਾ ਮੌਤ ਵਰਗਾ ਘੋਲ ਛਲਕਦਾ ਹੈ। ਖੁਦਕਸ਼ੀ ਉਸਦੀ ਲਲਕਾਰ ਹੈ, ਗੁਆਚ ਗਏ ਕਾਫਲੇ ਨੂੰ। ਉਹ ਕਾਫਲਾ ਜਿਹੜਾ ਕਦੀ ਸਰਹੰਦ ਦੀਆਂ ਦੀਵਾਰਾਂ ਢਾਹੁਣ ਤੁਰਿਆ ਸੀ। ਧਰਮਪਾਲ ਦੀ ਕਵਿਤਾ ਫਿਰ ਉੱਠੇ ਕਾਫਲੇ ਉਨ੍ਹਾਂ ਪਰਤ ਰਹੇ ਕਾਫਲਿਆਂ ਦੀ ਗੱਲ ਹੀ ਤਾਂ ਕਰਦੀ ਹੈ। ਜੋ ਦਰਸ਼ਨ ਦੀ ਬਾਤ ਦਾ ਭਰਮਾ ਹੁੰਗਾਰਾ ਹੈ।

ਦੂਜਾ ਸਮਤਾ ਨੇ ਸਾਡੇ ਜਿਉਣ ਬਾਰੇ ਜਿਹੜੀ ਗੱਲ ਖੁੱਲ੍ਹ ਕੇ ਕਹਿਣੀ ਸ਼ੁਰੂ ਕੀਤੀ ਹੈ ਮੈਂ ਅਦਾਰੇ ਦਾ ਦਿਲੋਂ ਧੰਨਵਾਦੀ ਹਾਂ। ਮੈਂ ਇਕ ਅਜਿਹੇ ਇਲਾਕੇ ਵਿਚ ਰਹਿ ਰਿਹਾ ਹਾਂ ਜਿੱਥੇ ਨਿੱਕੇ ਮੋਟੇ ਜ਼ਿਮੀਂਦਾਰ ਵੀ ਅਕਸਰ ਇਹ ਕਹਿੰਦੇ ਹਨ ਕਿ ਅਸੀਂ ਸਕੂਲ ਬਣਾਕੇ ਕੀ ਲੈਣਾ ਹੈ ? ਜਾਤਾਂ ਕੁ ਜਾਤਾਂ ਪੜ੍ਹ ਗਈਆਂ ਤਾਂ ਸਾਡੇ ਦਿਹਾੜੀਆਂ ਕੌਣ ਕਰੂ ? ਅਜਿਹੇ ਮਾਸਟਰ ਮਾਸਟਰਨੀਆਂ ਨੂੰ ਵੀ ਜਾਣਦਾ ਹਾਂ ਜੋ ਹਰੀਜਨ ਬੱਚਿਆਂ ਨੂੰ ਮੁੱਢ 'ਚ ਹੀ ਸਕੂਲੋਂ ਭਜਾ ਦੇਣ ਦਾ ਯਤਨ ਕਰਦੇ ਹਨ। 'ਇਹ ਹਮਾਰਾ ਜੀਵਣਾ' ਦੀ ਗੇਜੋ ਸੱਚ ਹੀ ਪਿੱਟਦੀ ਹੈ। ਸਰਦਾਰਾਂ ਦੀ ਗੱਲ ਤਾਂ ਕਿਸੇ ਤੋਂ ਲੁਕੀ ਛੁਪੀ ਨਹੀਂ। ਰਹੀ ਗੱਲ ਪ੍ਰੋ. ਭਾਰਦਵਾਜ ਦੇ ਲੜੀਵਾਰ ਲੇਖਾਂ ਦੀ। ਇਹਨਾਂ ਬਾਰੇ ਮੈਂ ਪਹਿਲੀ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਸਮਤਾ ਇਨ੍ਹਾਂ ਲੇਖਾਂ ਦਾ ਇਕੱਠਾ ਵਿਸ਼ੇਸ਼ ਸਪਲੀਮੈਂਟ ਕੱਢੇ। ਏਨੇ ਸੁਚੱਜੇ ਅਤੇ ਵਿਗਿਆਨਕ ਢੰਗ ਨਾਲ ਵਰਤਮਾਨ ਢਾਂਚੇ ਦੇ ਪਾਛੜੇ ਉਡਾਉਣਾ ਹਰ ਇਕ ਦੇ ਵੱਸ ਦਾ ਰੋਗ ਨਹੀਂ। ਐਤਕੀਂ ਛਪਿਆ ਸਿਆਸਤ ਪਰਮੋ ਧਰਮ ਹੈ ਵੀ ਪਹਿਲਾਂ ਵਾਂਗ ਹੀ ਇਕ ਵਧੀਆ ਰਚਨਾ ਹੈ। ਪ੍ਰੰਤੂ ਮੰਨੂ ਦੀ ਸਿਆਸਤ ਵਿੱਚ ਜਿਹੜਾ ਉਹਨਾਂ ਕਿਹਾ ਹੈ ਕਿ ਮੰਨੂ ਨੇ ਕੰਮ ਦੀ ਵੰਡ ਕੀਤੀ ਸੀ ਨਾ ਕਿ ਜਾਤਾਂ ਦੀ, ਇਹ ਵਿਚਾਰ ਮੈਨੂੰ ਬੜਾ ਓਪਰਾ ਲੱਗਿਆ ਹੈ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਦੁਨੀਆਂ ਵਿਚ ਇਕੋ ਇਕ ਸਾਡਾ ਦੇਸ਼ ਹੈ ਜਿਥੇ ਜਾਤਾਂ ਦੀ ਅਧਾਰ ਤੇ ਹੀ ਮਨੁੱਖ ਨੂੰ ਘਟੀਆ ਅਤੇ ਵਧੀਆ ਮੰਨਿਆ ਜਾਂਦਾ ਹੈ। ਜੋ ਵਿਗਿਆਨਕ ਤੌਰ ਤੇ, ਅਤੇ ਕੁਦਰਤੀ ਅਸੂਲਾਂ ਦੇ ਉਲਟ ਸਰਾਸਰ ਗ਼ਲਤ ਅਤੇ ਘਨਾਉਣਾ ਦਿਮਾਗ਼ੀ ਗੰਦ ਹੈ।

ਮੰਨੂ ਰਾਜਾ ਸੀ। ਜਿਸ ਪਾਸ ਸੌ ਪੈਸਾ ਉਸਦੀ ਸੌ ਅਕਲ, ਜਿਸ ਪਾਸ ਇਕ ਪੈਸਾ ਉਸਦੀ ਇਕ ਅਕਲ ਅਤੇ ਜਿਸਦੇ ਪਾਸ ਕੋਈ ਪੈਸਾ ਨਹੀਂ ਉਹ ਬੇ-ਅਕਲ ਇਹ ਸਰਮਾਏਦਾਰੀ ਸਿਧਾਂਤ ਹੈ। ਜੋ ਕਿਸੇ ਹੋਰ ਰੂਪ ਵਿਚ ਰਜਵਾੜਾ ਸ਼ਾਹੀ ਵੇਲੇ ਵੀ ਲਾਗੂ ਹੁੰਦਾ ਸੀ। ਰਾਜੇ ਸੌ ਅਕਲ ਦੇ ਮਾਲਕ ਸਨ ਉਹਨਾਂ ਰਾਜ ਗੱਦੀਆਂ ਬਚਾਉਣ ਲਈ ਮੰਨੂ ਸਿਧਾਂਤ ਘੜਿਆ ਤਾਂ ਕਿ ਖਾਸ ਲੋਕਾਂ ਤੋਂ ਸਿਵਾ ਕੋਈ ਹੋਰ ਉੱਠਕੇ ਕੁਰਸੀ ਨਾ ਮੱਲ ਬੈਠੇ। ਇਹਨਾਂ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਵਿਦਿਆ ਉਤੇ ਅਜਾਰਾ-ਦਾਰੀ ਸੀ। ਫਿਰ ਉਹਨਾਂ ਵੇਖਿਆ ਕਿ ਗਲ ਪੈਣ ਵਾਲੀ ਕੌਮ ਨਾਲ ਕਿਵੇਂ ਨਜਿਠਿਆ ਜਾਵੇ। ਉਹਨਾਂ ਨੂੰ ਦੇਸ਼ ਦੇ ਰਾਖੇ ਸੂਰਬੀਰ, ਬਹਾਦਰ, ਯੋਧੇ, ਜੁਝਾਰ ਕਹਿ ਕਹਿ ਕੇ ਸਰਹੱਦਾਂ ਤੇ ਭੇਜ ਦਿਤਾ ਗਿਆ ਤਾਂ ਕਿ ਰਜਵਾੜਾ ਸ਼ਾਹੀ ਦੀ ਸਿਆਸਤ ਨਾ ਸਮਝ ਸਕਣ ਅਤੇ ਬਾਹਰੋਂ ਆਇਆਂ ਨਾਲ ਹੀ ਟੱਕਰਦੇ, ਮਰਦੇ ਰਹਿਣ ਤੇ ਇਹਨਾਂ ਰਾਖਿਆਂ ਦਾ ਵਜ਼ੀਰ ਆਪਣੇ 'ਚੋਂ ਹੀ ਰਖਿਆ ਗਿਆ ਫਿਰ ਰਹਿ ਗਈ ਉਹ ਕੌਮ ਜਿਹੜੀ ਬਹੁਤ ਮਿਹਨਤੀ ਸੀ। ਉਸਨੂੰ ਵਿਦਿਆ ਤੋਂ ਵਾਂਝੇ ਕਰਕੇ 'ਅੰਨ ਦਾਤਾ' ਅਤੇ 'ਜੱਗ ਦਾ ਭੰਡਾਰੀ' ਦੀ ਡਿਗਰੀ ਦੇ ਕੇ ਮਿੱਟੀ 'ਚ ਧੱਕ ਦਿਤਾ ਗਿਆ। ਜਿਸਨੂੰ ਨਹਾਉਣ ਧੋਣ ਦਾ ਵਿਹਲ ਨਹੀਂ ਮਿਲੇਗਾ ਉਹ ਸਿਆਸਤ ਨੂੰ ਕੀ ਸਮਝ ਸਕੇਗਾ ਅਤੇ ਅਜ ਤਾਈਂ ਇਹ 'ਅੰਨ ਦਾਤਾ' ਲੋਕ ਬੱਸ ਕਿਲਿਆਂ ਦੀ ਅਕਲ 'ਚ ਗੰਢਿਆਂ ਮਿਰਚਾਂ ਅਤੇ ਸੁਕਿਆਂ ਅਚਾਰਾਂ ਨਾਲ ਲਿਉੜਾਂ ਵਰਗੀਆਂ ਰੋਟੀਆਂ ਭੰਨਦੇ ਵੇਖੇ ਜਾ ਸਕਦੇ ਹਨ। ਚੌਥੀ ਅਤੇ ਬਹੁਤੀ ਗਿਣਤੀ ਉਹ ਸੀ ਜਿੰਨ੍ਹਾਂ ਪਾਸ ਨਾ ਕਦੀ ਪੈਸਾ ਸੀ ਅਤੇ ਨਾ ਮਗਰੋਂ ਆਉਣ ਦਿਤਾ ਗਿਆ। ਇਹ ਬੇ-ਅਕਲ ਅਤੇ ਡੰਗਰ ਹੱਕਣ ਲਈ ਲਾ ਲਏ ਗਏ। ਮੇਰਾ ਵੀਰ ਭਾਰਦਵਾਜ ਨੂੰ ਇਹ ਕਹਿਣਾ ਹੈ। ਜੇ ਕੰਮ ਦੀ ਵੰਡ ਦੀ ਸਹੀ ਨੀਂਹ ਰਖੀ ਗਈ ਹੁੰਦੀ, ਜਿਹੜੀ ਉਹ ਆਖਦੇ ਹਨ ਤਾਂ ਅਜ ਹਜ਼ਾਰਾਂ ਸਾਲ ਬੀਤ ਜਾਣ ਪਿਛੋਂ ਵੀ ਲੋਕਾਂ ਦਾ ਇਹ ਹਾਲ ਨਾ ਹੁੰਦਾ ਜੋ ਹੋ ਰਿਹਾ ਹੈ। ਇਸ ਜਾਤੀ ਅਡੰਬਰ ਦੀ ਨੀਂਹ ਏਨੀ ਮਜ਼ਬੂਤ ਰੱਖੀ ਗਈ ਸੀ ਕਿ ਸਾਡੇ ਇਥੋਂ ਦੇ ਕਾਮਰੇਡ ਵੀ ਉਹਨੂੰ ਤੋੜਨੋਂ ਤ੍ਰਬਕਦੇ ਹਨ। ਵੀਰ ਭਾਰਦਵਾਜ ਨੂੰ ਮੈਂ ਸਲਾਹ ਦਿਆਂਗਾ ਕਿ ਉਹ ਡਾ. ਅੰਬੇਦਕਰ ਸਾਹਿਬ ਦਾ ਮੰਨੂ ਸਿਮਰਤੀ ਬਾਰੇ ਅਧਿਐਨ ਕਰਨ ਤਾਂ ਉਹਨਾਂ ਨੂੰ ਕੋਈ ਭੁਲੇਖਾ ਨਹੀਂ ਰਹੇਗਾ।

ਬੁਧਰਾਮ ਸਿੰਘ

## 5. ਕ੍ਰਾਂਤੀਕਾਰੀ ਸਾਹਿਤ ਸਭਾ

– ਸਮਤਾ ਨਵੰਬਰ ਦੇ ਅੰਕ ਅੰਦਰਲੇ ਪਾਠਕ, ਲੇਖਕ, ਫ਼ੋਰਮ ਵਿਚ ਸੁਖਪਾਲ ਸ਼ਿਮਲਾ ਅਤੇ ਲਾਲ ਸਿੰਘ ਦਸੂਹਾ ਦੇ ਛਪੇ ਖ਼ਤਾਂ ਅੰਦਰਲੇ ਗ਼ਲਤ ਤਥਾਂ ਦਾ ਖੰਡਨ ਕਰਨ ਲਈ ਮੈਂ ਪਹਿਲਾਂ ਸੁਖਪਾਲ ਦੇ ਖ਼ਤ ਨੂੰ ਲੈਂਦਾ ਹਾਂ। ਉਹ ਆਪਣੇ ਖ਼ਤ ਵਿਚ 'ਉਲਟਾ ਚੋਰ – ਕੋਤਵਾਲ ਕੋ ਡਾਂਟੇ' ਦੀ ਕਹਾਵਤ ਅਨੁਸਾਰ ਮੇਰੇ ਤੇ ਇਲਜ਼ਾਮ ਲਾਉਂਦਾ ਹੈ ਕਿ ਮੈਂ ਸੁਰਖ ਰੇਖਾ ਦੇ ਸੰਪਾਦਕ ਨਾਜ਼ਰ ਸਿੰਘ ਅਤੇ ਸੁਖਪਾਲ ਹੋਰਾਂ ਨੂੰ 'ਸੰਗੀਨ ਦੋਸ਼ ਵਿਚ ਫਸਾਉਣ ਲਈ' ਰੋਜ ਤੱਥਾਂ ਦੀ ਭੰਨ-ਤੋੜ ਕਰਕੇ 6 ਸਤੰਬਰ ਨੂੰ ਜਲੰਧਰ ਹੋਈ ਗੋਸ਼ਟੀ ਦੀ ਰਿਪੋਰਟ ਸਮਤਾ ਦੇ ਅਕਤੂਬਰ ਅੰਕ ਵਿਚ ਛਪਵਾਈ ਹੈ। ਉਹ ਗੋਸ਼ਟੀ ਦੀ ਰਿਪੋਰਟ ਵਜੋਂ ਜਿਹੜੀਆਂ ਲਾਈਨਾਂ (ਬਾਰੂ ਸਤਵਰਗ ਰਿਪੋਰਟਿੰਗ ਕਰਦਾ ਹੈ ਕਿ ਗੋਸ਼ਟੀ ਵਿਚ ਅਸੀਂ ਸਾਹਿਤ ਅਤੇ ਰਾਜਨੀਤੀ ਦੇ ਸਬੰਧਾਂ ਨੂੰ ਪਰਵਾਨ ਕਰਦਿਆਂ ਇਹ ਵਿਚਾਰ ਰਖਿਆ ਕਿ ਸਾਹਿਤਕਾਰਾਂ ਨੂੰ ਉਸ ਰਾਜਨੀਤੀ ਬਾਰੇ ਵਿਚਾਰ-ਵਟਾਂਦਰਾ ਨਹੀਂ ਕਰਨਾ ਚਾਹੀਦਾ ਜਿਸ ਦਾ ਸਬੰਧ ਅਜੋਕੀ ਹਾਲਤ ਵਿਚ ਸਾਹਿਤ ਨਾਲ ਜੁੜਿਆ ਹੋਇਆ ਹੈ।) ਆਪਣੇ ਆਪ ਨੂੰ ਠੀਕ ਠਹਿਰਾਉਣ ਲਈ ਆਪਣੇ ਪੱਖ ਵਿਚ ਵਰਤਣਾ ਚਾਹੁੰਦਾ ਹੈ ਉਨ੍ਹਾਂ ਲਾਈਨਾਂ ਦਾ ਅਰਥ ਇਹ ਹਰਗਿਜ਼ ਨਹੀਂ ਨਿਕਲਦਾ ਕਿ ਗੋਸ਼ਟੀ ਵਿਚ ਪੜ੍ਹੇ ਗਏ ਪਰਚੇ ਵਿਚਲੀ ਉਸ ਕਰਾਂਤੀਕਾਰੀ ਰਾਜਨੀਤੀ (ਇਨਕਲਾਬੀ ਸਾਹਿਤਕਾਰਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਸਾਮਰਾਜਵਾਦ ਅਤੇ ਉਸ ਦੇ ਏਜੰਟਾਂ ਅਤੇ ਮੌਕਾਪ੍ਰਸਤਾਂ ਦਾ ਆਪਣੀਆਂ ਸਾਹਿਤਕ ਰਚਨਾਵਾਂ ਅੰਦਰ ਪਰਦਾ ਫਾਸ਼ ਕਰਨ। ਉਸ ਵਿਰੁਧ ਜ਼ੋਰਦਾਰ ਸੰਘਰਸ਼ ਚਲਾਉਣਾ, ਇਸ ਤਿਕੜੀ ਵਿਰੁਧ ਪ੍ਰੋਲੇਤਾਰੀ ਅਤੇ ਮਿਹਨਤਕਸ਼ ਲੋਕਾਂ ਦੀਆਂ ਇਨਕਲਾਬੀ ਜਦੋਜਹਿਦਾਂ ਦਾ ਜੋਸ਼ ਖਰੋਸ਼ ਨਾਲ ਸਮਰਥੱਨ ਕਰਨ, ਇਹ ਆਪਣੀਆਂ ਕਲਾ-ਕਿਰਤਾਂ ਰਾਹੀਂ ਮਿਹਨਤਕਸ਼ ਲੋਕਾਂ ਅੰਦਰ ਜੋਸ਼-ਖਰੋਸ਼, ਦ੍ਰਿੜ੍ਹਤਾ-ਦਲੇਰੀ ਭਰਨ...) ਬਾਰੇ ਬਹਿਸ ਕਰਨ ਵਲੋਂ ਸੁਖ-ਪਾਲ ਅਤੇ ਨਾਜ਼ਰ ਹੋਰਾਂ ਨੇ ਫਿੱਡੇ ਲਾਹ ਕੇ ਫੇਸ ਨਹੀਂ ਸੀ ਫੜੀ, ਜਿਸ ਕ੍ਰਾਂਤੀਕਾਰੀ ਰਾਜਨੀਤੀ ਦਾ ਕ੍ਰਾਂਤੀਕਾਰੀ ਸਾਹਿਤ ਨਾਲ ਗੂਹੜਾ ਸਬੰਧ ਹੈ। ਇਹਨਾਂ ਭਲੇਮਾਣਸਾਂ ਨੇ ਗੋਸ਼ਟੀ ਵਿਚ ਇਹ ਕਹਿਕੇ ਪਰਚੇ ਅੰਦਰਲੀ ਰਾਜਨੀਤੀ ਉਤੇ ਬਹਿਸ ਕਰਨ ਵਲੋਂ ਜਵਾਬ ਦਿਤਾ ਸੀ ਕਿ ਸਾਹਿਤਕਾਰਾਂ ਦਾ ਫ਼ਰਜ਼ ਰਾਜਨੀਤੀ ਘੜਨੀ ਜਾਂ ਰਾਜਨੀਤਕ ਬਹਿਸਾਂ ਕਰਨੀਆਂ ਨਹੀਂ ਹੁੰਦਾ। ਇਹ ਰਾਜਨੀਤੀ ਜਿਹੜੀ ਇਸ ਪਰਚੇ ਵਿਚ ਦਰਜ ਹੈ, ਇਕ ਗਰੁੱਪ ਦੀ ਵਿਸ਼ੇਸ਼ ਲਾਈਨ ਹੈ। ਇਸ ਜਿਉਂਦੇ-ਜਾਗਦੇ ਸੱਚ ਦੇ ਗਵਾਹ ਗੋਸ਼ਟੀ ਵਿਚ ਸ਼ਾਮਲ ਹੋਏ ਲੇਖਕ ਵੀ ਹਨ ਤੇ ਅਕਤੂਬਰ ਦੀ ਸੁਰਖ ਰੇਖਾ ਵਿਚ ਛਪੀ ਸੁਖਪਾਲ ਦੀ ਚਿੱਕੜ-ਉਛਾਲੀ ਨਾਲ ਭਰੀ ਲਿਖਤ (ਇਨਕਲਾਬੀ ਖੋਪੜੀਆਂ ਅੰਦਰ ਉਲਟ ਇਨਕਲਾਬ ਦਿਮਾਗ਼) ਵੀ ਹੈ ਜਿਸ ਦਾ ਖੰਡਨ ਮੈਂ ਪਰਚੰਡ ਦੇ ਨਵੰਬਰ ਅੰਕ ਵਿਚ ਵਿਸਥਾਰ ਨਾਲ ਕਰ ਚੁਕਾ ਹਾਂ। ਉਸ ਵਲੋਂ ਕੀਤੇ ਜਾ ਰਹੇ ਉੱਟ-ਪਟਾਂਗ ਦੀ ਗਵਾਹ ਸੁਖਪਾਲ ਦੀ ਸਮਤਾ ਨਵੰਬਰ ਵਿਚ ਛਪੀ ਚਿੱਠੀ ਵੀ ਹੈ। ਸੁਖਪਾਲ ਹੋਰਾਂ ਨੇ ਹਾਲੇ ਤੀਕ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਐਲਾਨ-ਨਾਮੇ ਅਤੇ ਗੋਸ਼ਟੀ ਵਿਚ ਪੜੇ ਗਏ ਪਰਚੇ ਵਿਚਲੀ ਕ੍ਰਾਂਤੀਕਾਰੀ ਰਾਜਨੀਤੀ ਨੂੰ ਗ਼ਲਤ ਸਿੱਧ ਕਰਨ ਦੀ ਅਤੇ ਆਪਣੀ 'ਦਰੁਸਤ' ਰਾਜਨੀਤੀ ਬਾਰੇ ਮੂੰਹ ਖੋਲ੍ਹਣ ਦੀ ਜੁਰਅੱਤ ਕਰਨ ਦੀ ਥਾਂ ਕ੍ਰਾਂਤੀਕਾਰੀ ਸਭਾ ਦੇ ਐਲਾਨਨਾਮੇ ਦੀ ਰੋਸ਼ਨੀ ਵਿਚ 'ਸਾਹਿਤ ਅਤੇ ਰਾਜਨੀਤੀ ਦੇ ਸਬੰਧਾਂ ਬਾਰੇ' ਲਿਖੇ ਗਏ ਪਰਚੇ ਅੰਦਰਲੀ ਕ੍ਰਾਂਤੀਕਾਰੀ ਰਾਜਨੀਤੀ ਨੂੰ ਗੈਰ-ਜ਼ਿੰਮੇਂਵਾਰੀ ਵਾਲੇ ਢੰਗਾਂ ਨਾਲ ਟਰਾਟਸਕੀ ਦੀ ਰਾਜਨੀਤੀ ਅਤੇ ਪ੍ਰੋਲੇਤਾਰੀ ਰਾਜਨੀਤਕ ਗਰੁਪ ਦੇ ਆਗੂ ਆਰ.ਪੀ. ਸਰਾਫ ਦੀ ਵਿਸ਼ੇਸ਼ ਲਾਈਨ ਜ਼ਰੂਰ ਗਰਦਾਨਿਆਂ ਹੈ। ਕਰਾਂਤੀਕਾਰੀ ਸਾਹਿਤਕਾਰਾਂ ਦੀ ਪ੍ਰੀਭਾਸ਼ਾ 'ਨਵ ਲੋਕ-ਜਮਹੂਰੀ ਇਨਕਲਾਬ ਦੀ ਦਿਸ਼ਾ ਵਿਚ ਲਿਖਣਾ' ਜ਼ਰੂਰ ਉਲੀਕੀ ਹੈ। ਮੈਂ ਠੋਸ ਤੱਥਾਂ ਦੇ ਅਧਾਰ ਤੇ ਇਹ ਦਾਅਵੇ ਨਾਲ ਕਹਿੰਦਾ ਹਾਂ ਕਿ ਸੁਖਪਾਲ ਨੂੰ ਨਾ ਤਾਂ ਟਰਾਟਸਕੀ ਦੀ ਸੋਧਵਾਦੀ ਰਾਜਨੀਤੀ ਬਾਰੇ ਕੋਈ ਜਾਣਕਾਰੀ ਹੈ ਨਾ ਹੀ ਕ੍ਰਾਂਤੀਕਾਰੀ ਰਾਜ-ਨੀਤੀ ਅਤੇ ਵਿਸ਼ੇਸ਼ ਲਾਈਨ ਵਿਚਲੇ ਅੰਤਰ ਬਾਰੇ ਕੋਈ ਗਿਆਨ ਹੈ ਅਤੇ ਨਾ ਹੀ ਉਸ ਨੂੰ ਲੋਕ-ਜਮਹੂਰੀ ਇਨਕਲਾਬ ਦੇ ਸੰਕਲਪ ਦਾ ਗਿਆਨ ਹੈ। ਸੁਖਪਾਲ ਹੋਰਾਂ ਦੀ ਪੁਜੀਸ਼ਨ ਜੇ ਤਾਲੋਂ ਖੁੰਝੀ ਡੂਮਣੀ ਵਰਗੀ ਨਾ ਹੁੰਦੀ ਤਾਂ ਉਹਨਾਂ ਨੂੰ ਮਹਾਨ ਮਾਰਕਸਵਾਦੀ ਅਤੇ ਲੈਨਿਨਵਾਦੀ ਕਾਮਰੇਡ ਮਾਉ-ਜ਼ੇ-ਤੁੰਗ ਦੀ ਸਿਖਿਆ (ਮੈਂ ਇਹ ਦਸ ਚੁਕਾ ਹਾਂ ਕਿ ਵਰਤਮਾਨ ਦੌਰ ਵਿਚ ਚੀਨ ਦਾ ਨਵਾਂ ਸਭਿਆਚਾਰ ਮਜ਼ਦੂਰ ਜਮਾਤ ਦੀ ਅਗਵਾਈ ਹੇਠ, ਆਮ ਜਨਤਾ ਦੀ ਸਾਮਰਾਜ-ਵਾਦ ਵਿਰੋਧੀ ਅਤੇ ਜਾਗੀਰਦਾਰੀ ਵਿਰੋਧੀ ਸਭਿਆਚਾਰ ਹੈ।) ਦੀ ਰੋਸ਼ਨੀ ਵਿਚ ਅਜੋਕੀ ਅੰਤਰ-ਰਾਸ਼ਟਰੀ ਤੇ ਰਾਸ਼ਟਰੀ ਸਥਿਤੀ ਨੂੰ ਸਮਝਦਿਆਂ, ਕਰਾਂਤੀਕਾਰੀ ਸਾਹਿਤ ਦੇ ਐਲਾਨਨਾਮੇ ਅਤੇ ਗੋਸ਼ਟੀ ਵਿਚ ਪੜ੍ਹੇ ਗਏ ਪਰਚੇ ਵਿਚ ਦਰਜ ਕੀਤੀ ਕਰਾਂਤੀਕਾਰੀ ਰਾਜਨੀਤੀ ਸੋਧਵਾਦੀ ਟਰਾਟਸਕੀ ਦੀ ਰਾਜਨੀਤੀ ਨਜ਼ਰ ਨਾ ਆਉਂਦੀ। ਮੈਂ ਸੁਖਪਾਲ ਹੋਰਾਂ ਨੂੰ ਇਹੀ ਅਪੀਲ ਕਰਦਾ ਹਾਂ ਕਿ ਉਜੜੀਆਂ ਖੱਡਾਂ ਵਿਚ ਹੱਥ ਮਾਰਨ ਦੀ ਥਾਂ ਉਹ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਐਲਾਨ-ਨਾਮੇ ਅਤੇ ਗੋਸ਼ਟੀ ਵਿਚ ਪੜ੍ਹੇ ਪਰਚੇ ਬਾਰੇ ਸਿਖਾਉਣ-ਸਿਖਣ ਦੀ ਭਾਵਨਾ ਅਧੀਨ ਬਹਿਸ ਸ਼ੁਰੂ ਕਰਨ।

ਹੁਸ਼ਿਆਰਪੁਰ ਜ਼ਿਲੇ ਦੇ ਬਿਸ਼ਨਪੁਰ ਪਿੰਡ ਵਿਚ ਹੋਈ ਗੱਲਬਾਤ ਅੰਦਰ ਮੇਰੇ ਤੇ ਲਾਲ ਸਿੰਘ ਦੇ ਨਾਲ ਸੁਰਿੰਦਰ ਬਿਸ਼ਨਪੁਰੀ ਅਤੇ ਇਕ ਸਾਥੀ ਹੋਰ ਜਿਸ ਦਾ ਨਾਂ ਸ਼ਾਇਦ ਪ੍ਰੀਤਮ ਸਿੰਘ ਹੈ ਉਹ ਵੀ ਹਾਜ਼ਰ ਸੀ। ਗੱਲ-ਬਾਤ ਦੇ ਸ਼ੁਰੂ ਵਿਚ ਤਾਂ ਲਾਲ ਸਿੰਘ ਨੇ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਨਾ ਬਨਾਉਣ ਲਈ ਅਤੇ ਕੇਂਦਰੀ ਲੇਖਕ ਸਭਾ ਵਿਚ ਸਿਰ ਘੁਸਕੇ ਬੈਠਣ ਲਈ ਲੱਤਾਂ ਅੜਾਈਆਂ ਸਨ। ਪਰ ਜਦ ਮੈਂ ਕੇਂਦਰੀ ਲੇਖਕ ਸਭਾ ਦੇ ਸਥਾਪਤੀ ਦੀ ਸੇਵਾ ਵਿਚ ਲੱਗਦੇ ਆ ਰਹੇ ਕਾਲੇ ਕਾਰਨਾਮਿਆਂ ਨੂੰ ਅਤੇ ਵਿਚਾਰਧਾਰਕ-ਰਾਜਨੀਤਕ ਅਨੇਕਤਾ ਹੋਣ ਕਾਰਨ ਖੇਰੂੰ ਖੇਰੂੰ ਹੋਈ ਅਨਰਜਿਸਟਰਡ ਕੇਂਦਰੀ ਲਿਖਾਰੀ ਸਭਾ ਦੇ ਤਜਰਬੇ ਨੂੰ ਲੰਮੀ ਬਹਿਸ ਦੌਰਾਨ ਅਧਾਰ ਬਣਾ ਕੇ ਗੱਲ ਕੀਤੀ ਸੀ ਤਾਂ ਉਸ ਸਮੇਂ ਲਾਲ

Post Office No. P/AR — 33
Registred With Registrar News Paper Vide No, MA/1/2397-D dated 14,8.80

ਸਿੰਘ ਨੇ ਕੋਈ ਇਤਰਾਜ ਨਹੀਂ ਕੀਤਾ ਸੀ। ਸਗੋਂ ਉਹ ਤਾਂ ਦੂਸਰੇ ਦੋਵੇਂ ਸਾਥੀਆਂ ਨਾਲ ਸਹਿਮਤ ਹੋ ਕਿ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਸਥਾਪਨਾ ਲਈ ਝੁਨੀਰ ਵਿਖੇ ਰਖੀ ਕਨਵੈਨਸ਼ਨ ਵਿਚ ਪਹੁੰਚਣ ਲਈ ਵੀ ਰਜ਼ਾਮੰਦ ਹੋਇਆ ਸੀ। ਇਸ ਵਿਚ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਬਾਅਦ ਵਿਚ ਲਾਲ ਸਿੰਘ ਝੁਨੀਰ ਕਨਵੈਨਸ਼ਨ ਵਿਚ ਪਹੁੰਚਣ ਦੀ ਥਾ ਭਾਰਤੀ ਲੋਕਾਂ ਦੀ ਲੁਟ ਕਰ ਰਹੀ ਅਤੇ ਹਜ਼ਾਰਾਂ ਸ਼ਹੀਦਾਂ ਦੇ ਲਹੂ ਨਾਲ ਹੱਥ ਲਿਬੜ ਰਹੀ ਭਾਰਤੀ ਸਰਕਾਰ ਦੀ ਚਾਪਲੂਸੀ 'ਚ, ਮਧ-ਮਸਤ ਹੋਈ ਕੇਂਦਰੀ ਲੇਖਕ ਸਭਾ ਦੀ ਐਗਜ਼ੈਕਟਿਵ ਦਾ ਮੈਂਬਰ ਬਣ ਗਿਆ। ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਅਜ ਲਾਲ ਸਿੰਘ ਨੂੰ ਇਨਾਮਾਂ, ਸਨਮਾਨਾਂ ਅਤੇ ਪੁਰਸਕਾਰਾਂ ਦੇ ਟੁਕੜਿਆਂ ਪਿਛੇ ਸਿਲਵਰ-ਜੁਬਲੀਆਂ ਮਨ੍ਹਾਂ ਰਹੇ ਚਾਪਲੂਸਾਂ ਦੀ ਵਡੀ ਗਿਣਤੀ 'ਬਹੁਤ ਮਹਾਨ' ਲੱਗ ਰਹੀ ਹੈ ਅਤੇ ਲੁੱਟੇ-ਪੁੱਟੇ ਅਤੇ ਜ਼ਬਰ-ਜ਼ੁਲਮ ਦਾ ਸ਼ਿਕਾਰ ਹੋ ਰਹੇ ਮਿਹਨਤਕਸ਼ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਲਿਖਣ ਵਾਲੇ ਲੇਖਕਾਂ ਦੀ ਘਟ ਗਿਣਤੀ 'ਘਟੀਆ ਲੱਗ ਰਹੀ ਹੈ।' ਲਾਲ ਸਿੰਘ ਨੂੰ ਮੈਂ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਬੇਸ਼ੱਕ ਅਜ ਸਾਡੀ ਸੁਰ ਮਧਮ ਹੈ, ਪਰ ਫੇਰ ਵੀ ਅਸੀਂ ਅਨੇਕਾਂ ਸਮੱਸਿਆਵਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਆਪਣੀ ਮਧਮ ਸੁਰ ਨੂੰ ਲਲਕਾਰ ਬਨਾਉਣ ਲਈ ਜਦੋ-ਜਹਿਦ ਕਰ ਰਹੇ ਹਾਂ। ਇਹ ਸਾਨੂੰ ਹਰਗਿਜ਼ ਪਸੰਦ ਨਹੀਂ ਕਿ ਅਸੀਂ ਮਰੀ ਜ਼ਮੀਰ ਵਾਲੇ ਲੇਖਕਾਂ ਵਾਂਗ ਆਪਣੀ ਸੁਰ ਜ਼ਬਰ ਅਤੇ ਜ਼ੁਲਮ ਢਾਹ ਰਹੀ ਸਰਕਾਰ ਦੇ ਚਾਪਲੂਸਾਂ ਦੀ ਸੁਰ ਨਾਲ ਮਿਲਾ ਲਈਏ। ਬਾਕੀ ਲਾਲ ਸਿੰਘ ਨੇ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਉਪਰ ਰਿਪੋਰਟਾਂ ਵਧਾ-ਚੜ੍ਹਾ ਕੇ ਲਿਖਣ ਦਾ ਦੋਸ਼ ਲਾਇਆ ਹੈ। ਮੈਂ ਲਾਲ ਸਿੰਘ ਦੇ ਨੋਟਿਸ ਵਿਚ ਲਿਆਉਂਦਾ ਹਾਂ ਕਿ ਜੇ ਉਸ ਨੇ ਠੋਸ ਤੱਥਾਂ ਦੇ ਅਧਾਰ ਉਤੇ ਇਹ ਸਿੱਧ ਨਾ ਕੀਤਾ ਕਿ ਅਸੀਂ ਰਿਪੋਰਟਾਂ ਕਿਥੇ ਵਧਾ-ਚੜ੍ਹਾ ਕੇ ਕੀਤੀਆਂ ਹਨ ਤਾਂ ਅਸੀਂ ਭਾਵੇਂ ਸਮਝੀਏ ਜਾਂ ਨਾ ਸਮਝੀਏ ਬਈ ਲਾਲ ਸਿੰਘ ਕੇਂਦਰੀ ਲਿਖਾਰੀ ਸਭਾ ਦੀ ਵਫ਼ਾਦਾਰੀ ਲਈ ਹੀ ਇਹ ਗੱਲ ਕਰਦਾ ਸੀ ਪਰ ਇਮਾਨਦਾਰ ਲੇਖਕ ਅਤੇ ਪਾਠਕ ਇਹ ਜ਼ਰੂਰ ਸਮਝਣਗੇ। ਮੇਰੀ ਗੁਰਸ਼ਰਨ ਭਾ ਜੀ ਨੂੰ ਵੀ ਬੇਨਤੀ ਹੈ ਕਿ ਉਹ ਸਰਕਾਰੀ ਝੂਠੂ ਬਣ ਚੁਕੀ ਕੇਂਦਰੀ ਲੇਖਕ ਸਭਾ ਦੇ ਵਫ਼ਾਦਾਰਾਂ ਦੀਆਂ ਲਿਖਤਾਂ ਆਪਣੀ ਟਿੱਪਣੀ ਤੋਂ ਬਿਨਾਂ ਸਮਤਾ 'ਚ ਪ੍ਰਕਾਸ਼ਤ ਨਾ ਕਰਿਆ ਕਰੇ। ਇਉਂ ਕਰਨਾ ਸਮਤਾ ਦੀ ਸੇਧ ਦੇ ਮੁਤਾਬਕ ਠੀਕ ਨਹੀਂ।

— ਬਾਰੂ ਸਤਵਰਗ ਸਕੱਤਰ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ — ਸੂਬਾ ਜਥੇਬੰਦਕ ਕਮੇਟੀ

## ਕੇਂਦਰੀ ਪੰਜਾਬੀ ਲੇਖਕ ਸਭਾਂ ਦੇ ਸਿਲਵਰ ਜੁਬਲੀ ਸਮਾਗਮ ਦੀਆਂ ਕੁਝ ਝਲਕੀਆਂ

1. ਪਹਿਲੇ ਦਿਨ ਰਾਤ ਨੂੰ ਬੱਸ ਅੱਡੇ ਕੋਲ ਸ਼ਰਾਬ ਦੇ ਹਾਤੇ ਵਿਚ ਪੰਜਾਬੀ ਦੇ ਕੁਝ ਕਵੀ ਸ਼ਰਾਬ ਡੱਫ ਰਹੇ ਸਨ ਦੋ ਦੋ ਪੈਗ ਮਾਰਨ ਤੋਂ ਬਾਅਦ ਆਪੋ ਆਪਣੀਆਂ ਗਜ਼ਲਾਂ ਸੁਣਾਉਣ ਲਈ ਕਿੱਲਦਿਆਂ "ਮੇਰੀ ਸੁਣ...ਮੇਰੀ ਸੁਣ" ਰੌਲਾ ਪੈ ਗਿਆ ਹਾਤੇ ਦਾ ਮਾਲਕ ਆ ਕੇ ਆਖਣ ਲੱਗਾ, "ਮੇਹਰਬਾਨੀ ਕਰਕੇ ਆਹ ਗਜ਼ਲਾਂ ਵਾਲੀਆਂ ਗੱਲਾਂ ਬਾਹਰ ਜਾ ਕੇ ਕਰੋ। ਪਰ ਕਵੀਆਂ ਨੇ ਚੁਸਤੀ ਨਾਲ ਉਸ ਨੂੰ ਪੈਗ ਦੇ ਕੇ ਮਨਾ ਲਿਆ। ਪ੍ਰੰਤੂ ਕਵੀਆਂ ਨੂੰ ਹਾਤੇ ਅੰਦਰ ਹੀ ਉਲ-ਟੀਆਂ ਤੇ ਪੇਸ਼ਾਬ ਕਰਦੇ ਦੇਖ ਪੰਜਾਬੀ ਦੇ ਜਾਣੇ ਪਛਾਣੇ ਨਾਟਕ ਨਿਰਦੇਸ਼ਕ ਨੇ ਕਿਹਾ, "ਸਾਲੇ ਇਨਕਲਾਬ ਦੇ, ਬਕਵਾਸ ਬੰਦ ਕਰੋ, ਨਹੀਂ ਤਾਂ......ਮੈਂ ਬੜਾ ਜ਼ਾਲਮ ਹਾਂ।

2, ਬੱਸ ਅੱਡੇ ਤੋਂ ਦੇਸ਼ ਭਗਤ ਯਾਦਗਾਰ ਹਾਲ ਵਲ ਲੇਖਕਾਂ ਦਾ ਭਰਿਆ ਹੋਇਆ ਟਾਂਗਾ ਆ ਰਿਹਾ ਸੀ। ਧੁਰ, ਪਹੁੰਚਦਿਆਂ ਲੇਖਕ ਦਬਾ-ਦਬ ਉਤਰ ਕੇ ਤੁਰਦੇ ਬਣੇ...ਟਾਂਗੇ ਵਾਲੇ ਦੇ ਅੜਿੱਕੇ ਆ ਗਿਆ ਕਿਸੇ ਲਿਖਾਰੀ ਸਭਾ ਦਾ ਸਕੱਤਰ। ਕਾਫ਼ੀ ਖਿੱਚ ਧੂਹ ਤੋਂ ਬਾਅਦ 10 ਰੁਪਏ ਦੇ ਕੇ ਸਭਾ ਦੇ ਸਕੱਤਰ ਨੇ ਟਾਂਗੇ ਵਾਲੇ ਤੋਂ ਖਹਿੜਾ ਛੁਡਵਾਇਆ।

3. ਇਕ ਪਾਸੇ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਲਈ ਸਰਕਾਰ ਅਗੇ ਲੇਲੜੀਆਂ ਕੱਢੇਗੀ। ਦੂਜੇ ਪਾਸੇ ਸਭਾ ਦੇ ਸਕੱਤਰ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਵਲੋਂ ਸਟੇਜ ਤੇ ਭਾਸ਼ਨਾਂ ਦੌਰਾਨ ਅੱਧ-ਪਚੱਧੇ ਸ਼ਬਦ ਅੰਗਰੇਜ਼ੀ ਦੇ ਬੋਲੇ ਜਾ ਰਹੇ ਸਨ।

4. ਪੰਜਾਬੀ ਦੇ ਜਾਣੇ ਪਛਾਣੇ ਕਹਾਣੀਕਾਰ ਨੂੰ 50 ਰੁਪਏ ਦੇ ਕੇ ਮਨਜੀਤ ਟਿਵਾਣਾ ਨੇ ਖਹਿੜਾ ਛੁਡਵਾਇਆ ਹੀ ਸੀ ਜਸਵੰਤ ਸਿੰਘ 'ਵਿਰਦੀ' ਅਤੇ ਲੋਕ ਨਾਥ ਪਿਲਰ ਪਏ। ਕਮੀਜ਼ਾਂ ਦੇ ਬਟਨ ਟੁਟਣ ਤਕ ਨੌਬਤ ਆ ਪਹੁੰਚੀ। ਡਾ: ਜਗਤਾਰ ਲੋਕ ਨਾਥ ਨੂੰ ਧੂੰਹਦਾ ਅੰਦਾਜ਼ ਵਿਚ ਆਖ ਰਿਹਾ ਸੀ, "ਤੂੰ ਭੁਖ-ਨੰਗ ਕੋਲੋਂ ਕਾਹਨੂੰ ਸ਼ਰਾਬ ਲਈ ਪੈਸੇ ਮੰਗਣੇ ਸਨ। ਫੜ ਦਸ ਰੁਪਏ ਜਾ ਕੇ ਪੀਅ ਲੈ।" ਲੋਕ ਨਾਥ, ਜਸਵੰਤ ਖਟਕੜ ਅਤੇ ਪਾਸ਼ ਕੇ ਗਲ ਲਮਕ ਲਮਕ ਧਾਹਾਂ ਮਾਰ ਰਿਹਾ ਸੀ ਮੈਂ ਕਾਮਰੇਡਾਂ ਨੂੰ ਅੱਗ ਲਾਉਨਾਂ, ਭਾਪੇ ਨੇ ਮੇਰੀ ਕਮੀਜ਼ ਪਾੜ ਦਿਤੀ ਨਾਲੇ 100 ਰੁਪਏ ਦੀ ਐਨਕ ਚੋਰੀ ਕਰ ਲਈ।

[ ਪਰਮਜੀਤ ਦੇਹਲ — ਹੁਸ਼ਿਆਰਪੁਰ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ — ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸਨਾ ਪ੍ਰਿੰਟਿੰਗ ਪ੍ਰੈਸ, ਪੁਤਲੀਘਰ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖ਼ਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ — 143002 : ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 80 ਰੁਪਏ।